Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

TOP 4% TREB REALTOR 2018
Buy With $0 Down Program
ROYAL CANADIAN
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia BROKER
647-970-7374
www.HardeepSivia.com

Vol 19 *Issue 25 Friday, February 07, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅੰਦਰ ਪੜ੍ਹੋ

ਵੁਹਾਨ ਤੋਂ ਹਰੇਕ ਕੈਨੇਡੀਅਨ ਨੂੰ ਵਾਪਿਸ ਲਿਆਉਣ ਲਈ ਦੂਜੇ ਜਹਾਜ਼ ਦਾ ਪ੍ਰਬੰਧ



ਪੰਨਾ 04

ਯੂਐਸਐਮਸੀਏ ਦੇ ਜਸ਼ਨਾਂ ਲਈ ਇਸ ਵੀਕੈਂਡ ਵਾਸ਼ਿੰਗਟਨ ਜਾਣਗੇ ਪ੍ਰੀਮੀਅਰਜ਼



ਪੰਨਾ 06

# ਸਸਕੈਚਵਨ ਨੇੜੇ ਕੱਚਾ ਤੇਲ ਲਿਜਾ ਰਹੀ ਰੇਲਗੱਡੀ ਲੀਹ ਤੋਂ ਲੱਥੀ

## ਫੈਡਰਲ ਸਰਕਾਰ ਵੱਲੋਂ ਖਤਰਨਾਕ ਵਸਤਾਂ ਲਿਜਾਣ ਵਾਲੀਆਂ ਗੱਡੀਆਂ ਲਈ ਸਪੀਡ ਲਿਮਿਟ ਮੱਠੀ ਕਰਨ ਦੇ ਹੁਕਮ



ਗਿਊਰਨਸੇ, 6 ਫਰਵਰੀ (ਪੋਸਟ ਬਿਊਰੋ) : ਵੀਰਵਾਰ ਨੂੰ ਫੈਡਰਲ ਸਰਕਾਰ ਨੇ ਖਤਰਨਾਕ ਵਸਤਾਂ ਲਿਜਾਣ ਵਾਲੀਆਂ ਸਾਰੀਆਂ ਰੇਲ ਗੱਡੀਆਂ ਲਈ ਸਪੀਡ ਲਿਮਿਟ ਮੱਠੀ ਕਰਨ ਦੇ ਹੁਕਮ ਦਿੱਤੇ। ਇਹ ਫੈਸਲਾ ਸਸਕੈਚਵਨ ਵਿੱਚ ਲੀਹ ਤੋਂ ਲੱਥੀ ਗੱਡੀ ਵਾਲੇ ਹਾਦਸੇ ਤੋਂ ਬਾਅਦ ਲਿਆ ਗਿਆ। ਇਸ ਹਾਦਸੇ ਤੋਂ ਬਾਅਦ ਕਾਲਾ ਸੰਘਣਾਂ ਧੂੰਆਂ ਚਾਰੇ ਪਾਸੇ ਫੈਲ ਗਿਆ।

ਕੱਚਾ ਤੇਲ ਲਿਜਾ ਰਹੀ ਕੈਨੇਡੀਅਨ ਪੈਸੇਫਿਕ ਰੇਲਵੇ ਮਾਲ ਗੱਡੀ ਵੀਰਵਾਰ ਨੂੰ ਸਸਕਾਟੂਨ ਦੇ ਦੱਖਣ ਪੂਰਬ ਵੱਲ ਸਥਿਤ ਗਿਊਰਨਸੇ ਨੇੜੇ ਸਵੇਰੇ 6:15 ਵਜੇ ਲੀਹ ਤੋਂ ਉਤਰ ਗਈ। 104 ਡੱਬਿਆਂ ਵਿੱਚੋਂ 31 ਡੱਬੇ ਪਟੜੀ ਤੋਂ ਉਤਰ ਗਏ ਤੇ ਦਰਜਨਾਂ ਨੂੰ ਅੱਗ ਲੱਗ ਗਈ। ਇਹ ਜਾਣਕਾਰੀ ਸਸਕੈਚਵਨ ਪਬਲਿਕ ਸੇਫਟੀ ਏਜੰਸੀ ਨੇ ਦਿੱਤੀ। ਇਹ ਵੀ ਆਖਿਆ ਕਿ ਕਿਸੇ ਦੇ ਕਿਸੇ ਤਰ੍ਹਾਂ ਦੀ ਕੋਈ ਸੱਟ ਫੇਟ ਨਹੀਂ ਲੱਗੀ। ਓਸਬੌਰਨ ਦੀ ਰੂਰਲ ਮਿਊਂਸਪੈਲਿਟੀ ਦੇ ਰੀਵ ਨੇ ਦੱਸਿਆ ਕਿ ਖੇਤੀਬਾੜੀ ਕਰਨ ਵਾਲੀ ਇਸ ਕਮਿਊਨਿਟੀ ਦੇ 85 ਘਰ ਖਾਲੀ ਕਰਵਾ ਲਏ ਗਏ ਹਨ। ਇਹ ਪਿੰਡੋਰੀ ਚਾਰੇ ਪਾਸੇ ਤੋਂ ਖੇਤਾਂ ਨਾਲ ਘਿਰੀ ਹੋਈ ਹੈ ਤੇ ਨਿਊਟਰੀਨ ਵੱਲੋਂ ਆਪਰੇਟ ਕੀਤੀ ਜਾਂਦੀ ਪੋਟਾਸ਼ ਦੀ ਖਾਣ ਦੇ ਨੇੜੇ ਹੈ। ...ਬਾਕੀ ਪੰਨਾ 6 'ਤੇ

## ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਤਿਲਗੰਜੀ ਸਾਹਿਬ, ਕੋਇਟਾ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿੱਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਤਿਲਗੰਜੀ ਸਾਹਿਬ, ਕੋਇਟਾ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

## ਨਵੇਂ ਨਾਫਟਾ ਇਮਪਲੀਮੈਂਟੇਸ਼ਨ ਬਿੱਲ ਨੇ ਪਾਰ ਕੀਤਾ ਪਹਿਲਾ ਪੜਾਅ

ਓਟਵਾ, 6 ਫਰਵਰੀ (ਪੋਸਟ ਬਿਊਰੋ) : ਨਵਾਂ ਨਾਫਟਾ ਇਮਪਲੀਮੈਂਟ ਬਿੱਲ ਬੁੱਧਵਾਰ ਨੂੰ ਹਾਊਸ ਆਫ ਕਾਮਨਜ਼ ਦੇ ਪਹਿਲੇ ਲੈਜਿਸਲੇਟਿਵ ਪੜਾਅ ਨੂੰ ਪਾਰ ਕਰ ਗਿਆ। ਇਸ ਪੜਾਅ ਵਿੱਚ ਕੰਜ਼ਰਵੇਟਿਵਾਂ, ਨਿਊ ਡੈਮੋਕ੍ਰੈਟਸ ਤੇ ਗ੍ਰੀਨਜ਼ ਵੱਲੋਂ ਬਿੱਲ ਦਾ ਸਮਰਥਨ ਕੀਤਾ ਗਿਆ।

ਅਹੁਦਾ ਛੱਡ ਰਹੇ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ, ਐਨਡੀਪੀ ਆਗੂ ਜਗਮੀਤ ਸਿੰਘ ਤੇ ਗ੍ਰੀਨ ਪਾਰਲੀਆਮੈਂਟਰੀ ਆਗੂ ਐਲਿਜ਼ਾਬੈਥ ਮੇਅ ਨੇ ਇਸ ਡੀਲ ਨੂੰ ਅੱਗੇ ਵਧਾਉਣ ਲਈ ਲਿਬਰਲਾਂ ਦੇ ਨਾਲ ਇਸ ਦੇ ਪੱਖ ਵਿੱਚ ਵੋਟ ਪਾਈ ਜਦਕਿ ਬਲਾਕ ਕਿਊਬਿਕੁਆ ਆਗੂ ਯਵੇਸ ਫਰੈਂਕੌਇਸ ਬਲੈਂਚੈਟ ਤੇ ਉਨ੍ਹਾਂ ਦੇ ਕਾਕਸ ਵੱਲੋਂ ਇਸ ਬਿੱਲ ਸੀ-4 ਦਾ ਸਮਰਥਨ ਨਹੀਂ ਕੀਤਾ ਗਿਆ। ...ਬਾਕੀ ਪੰਨਾ 6 'ਤੇ



## ਜਾਪਾਨ ਦੇ ਤੱਟ ਉੱਤੇ ਖੜ੍ਹੇ ਬੇੜੇ ਵਿੱਚ ਸਵਾਰ ਦੋ ਕੈਨੇਡੀਅਨ ਕੋਰੋਨਾਵਾਇਰਸ ਦੀ ਚਪੇਟ ਵਿੱਚ



ਟੋਰਾਂਟੋ, 6 ਫਰਵਰੀ (ਪੋਸਟ ਬਿਊਰੋ) : ਜਾਪਾਨ ਵਿੱਚ ਤੱਟ ਉੱਤੇ ਅਲੱਗ ਥਲੱਗ ਕਰਕੇ ਖੜ੍ਹੇ ਕੀਤੇ ਗਏ ਸਮੁੰਦਰੀ ਜਹਾਜ਼ ਵਿੱਚ ਸਵਾਰ ਦੋ ਕੈਨੇਡੀਅਨਾਂ ਦੇ ਕੋਰੋਨਾਵਾਇਰਸ ਸਬੰਧੀ ਟੈਸਟ ਪਾਜ਼ੀਟਿਵ ਆ ਜਾਣ ਤੋਂ ਬਾਅਦ ਉਨ੍ਹਾਂ ਨੂੰ ਹਸਪਤਾਲ ਭੇਜ ਦਿੱਤਾ ਗਿਆ।

ਵਾਇਰਸ ਸਬੰਧੀ ਚਿੰਤਾ ਨੂੰ ਲੈ ਕੇ ਜਾਪਾਨ ਦੇ ਤੱਟ ਉੱਤੇ ਖੜ੍ਹਾਏ ਗਏ ਡਾਇਮੰਡ ਪ੍ਰਿੰਸੈਸ ਨਾਂ ਦੇ ਇਸ ਬੇੜੇ ਵਿੱਚ ਸਵਾਰ ਹਜ਼ਾਰਾਂ ਲੋਕਾਂ ਵਿੱਚੋਂ 251 ਕੈਨੇਡੀਅਨ ਹਨ ਤੇ ਉਨ੍ਹਾਂ ਵਿੱਚੋਂ ਹੀ ਦੋ ਕੈਨੇਡੀਅਨਾਂ ਦੇ ਵਾਇਰਸ ਸਬੰਧੀ ਟੈਸਟ ਪਾਜ਼ੀਟਿਵ ਆਏ। ਜਾਪਾਨ ਦੇ ਸਿਹਤ ਅਧਿਕਾਰੀਆਂ ਨੇ ਵੀਰਵਾਰ ਨੂੰ ਆਖਿਆ ਕਿ ਜਹਾਜ਼ ਵਿੱਚ ਸਵਾਰ ਦਸ ਹੋਰ ਯਾਤਰੀਆਂ ਦਾ ਵੀ ਇਹ ਟੈਸਟ ਪਾਜ਼ੀਟਿਵ ਆਇਆ ਹੈ। ਇਸ ਤੋਂ ਇੱਕ ਦਿਨ ਪਹਿਲਾਂ ਵੀ ਦਸ ਯਾਤਰੀਆਂ ਦਾ ਇਹ ਟੈਸਟ ਪਾਜੀਟਿਵ ਆ ਚੁਕਿਆ ਹੈ। ਪ੍ਰਿੰਸੈਸ ਕਰੂਜ਼ ਨੇ ਇੱਕ ਬਿਆਨ ਵਿੱਚ ਆਖਿਆ ਕਿ ਸਾਡੇ ਮਹਿਮਾਨਾਂ ਤੇ ਅਮਲਾ ਮੈਂਬਰਾਂ ਦੀ ਸਿਹਤ ਤੇ ਸੇਫਟੀ ਸਾਡੇ ਲਈ ਮੁੱਖ ਤਰਜੀਹ ਹੈ। ...ਬਾਕੀ ਪੰਨਾ 6 'ਤੇ

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

INSURANCE
Home • Auto
Business • Trucking
Life Insurance • Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352) Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ
ANGLECON CONSTRUCTION
Fully Insured | Team of licensed trades | Quality work & on-time insured
RESIDENTIAL • ਕਸਟਮ ਮੇਡ ਘਰ • ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ • ਲੀਗਲ ਬੇਸਮੈਂਟ
COMMERCIAL • New store design & build • Lease hold Improvements • Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE
ਬਰੈਂਪਟਨ • ਮਿਸੀਸਾਗਾ • ਇਟੋਬੀਕੋਕ • ਓਕਵਿਲ

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
Tico # 50021780
905.796.0000
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਿਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
4515 Ebenezer Rd, Suite 211, Brampton, Ontario L6P2K7
Aman Sharma Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets • Completly Furnished
Legal Basement • Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
Counterbalance All Types • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

KELLEY LAW OFFICE
Immigration • Real Estate
Family Law • Business Closing
Corporate • Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੌਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।
1200 Derry Road E, #15, Mississauga, ON L5T 0B3
Shinder Kelley 905-362-0755

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc.
647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr™
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

# ਦਿੱਲੀ ਦੇ ਅਮਰੀਕੀ ਦੂਤਘਰ ਵਿੱਚ 5 ਸਾਲਾ ਬੱਚੀ ਦਾ ਬਲਾਤਕਾਰ, ਦੋਸ਼ੀ ਗ੍ਰਿਫਤਾਰ

ਨਵੀਂ ਦਿੱਲੀ, 6 ਫਰਵਰੀ, (ਪੋਸਟ ਬਿਊਰੋ)- ਭਾਰਤ ਦੀ ਰਾਜਧਾਨੀ ਦਿੱਲੀ ਦਾ ਚਾਣਕਿਆਪੁਰੀ ਵਿੱਚ ਅਮਰੀਕੀ ਦੂਤਘਰ ਵਿੱਚ ਇੱਕ 5 ਸਾਲਾ ਬੱਚੀ ਦਾ ਬਲਾਤਕਾਰ ਦੀ ਖਬਰ ਹੈ। ਇਹ ਘਟਨਾ ਇੱਕ ਫਰਵਰੀ ਦੀ ਹੈ। ਬੱਚੀ ਦੂਤਘਰ ਦੇ ਹਾਊਸ ਕੀਪਿੰਗ ਸਟਾਫ ਦੀ ਧੀ ਹੈ। ਬਲਾਤਕਾਰ ਦਾ ਦੋਸ਼ੀ ਵੀ ਦੂਤਘਰ ਵਿਚ ਡਰਾਈਵਰ ਦੇ ਤੌਰ ਉੱਤੇ ਕੰਮ ਕਰਦਾ ਹੈ। ਮਾਮਲਾ ਸਾਹਮਣੇ ਆਉਣ ਉੱਤੇ ਪੁਲਸ ਨੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

ਟਾਈਮਸ ਆਫ ਇੰਡੀਆ ਦੀ ਰਿਪੋਰਟ ਮੁਤਾਬਕ ਬੱਚੀ ਦਾ ਪਰਿਵਾਰ ਵੀ ਤੇ ਦੋਸ਼ੀ ਵੀ ਅਮਰੀਕੀ ਦੂਤਘਰ ਕੈਂਪਸ ਦੇ ਅੰਦਰ ਬਣੇ ਸਟਾਫ ਕੁਆਰਟਰ ਵਿਚ ਰਹਿੰਦੇ ਸਨ। ਦੋਵਾਂ ਦਾ ਕੁਆਰਟਰ ਨੇੜੇ-ਨੇੜੇ ਸੀ। ਬੀਤੀ 1 ਫਰਵਰੀ ਦੀ ਸਵੇਰ ਕਰੀਬ 9-30 ਵਜੇ ਬੱਚੀ ਆਪਣੇ ਘਰ ਦੇ ਬਾਹਰ ਖੇਡ ਰਹੀ ਸੀ। ਦੋਸ਼ੀ ਨੇ ਉਸ ਨੂੰ ਖਾਣ ਦਾ ਲਾਲਚ ਦਿੱਤਾ ਤੇ ਘਰ ਲੈ ਕੇ ਆ ਗਿਆ ਤੇ ਉਸ ਨਾਲ ਬਲਾਤਕਾਰ ਕੀਤਾ। ਉਸ ਨੇ ਬੱਚੀ ਨੂੰ ਧਮਕੀ ਦਿੱਤੀ ਕਿ ਉਹ ਇਹ ਗੱਲ ਕਿਸੇ ਨੂੰ ਨਾ ਦੱਸੇ। ਬੱਚੀ ਦੀ ਮਾਂ ਨੇ ਦੱਸਿਆ ਕਿ ਜਦ ਉਹ ਕੰਮ ਤੋਂ ਮੁੜੀ ਤਾਂ ਦੇਖਿਆ ਕਿ ਬੱਚੀ ਸਦਮੇ ਵਿਚ ਹੈ। ਮਾਂ ਨੇ ਬੱਚੀ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ



ਥੋੜ੍ਹੀ ਦੇਰ ਨੂੰ ਬੱਚੀ ਨੇ ਮਾਂ ਨੂੰ ਸਭ ਕੁਝ ਦੱਸ ਦਿੱਤਾ। ਉਸ ਦੀ ਮਾਂ ਨੇ ਇਸ ਬਾਰੇ ਦੂਤਘਰ ਦੇ ਸੀਨੀਅਰ ਅਧਿਕਾਰੀਆਂ ਨੂੰ ਦੱਸਿਆ ਤਾਂ ਉਨ੍ਹਾਂ ਨੇ 2 ਫਰਵਰੀ ਨੂੰ ਚਾਣਕਿਆਪੁਰੀ ਥਾਣੇ ਨੂੰ ਉਸ ਡਰਾਈਵਰ ਦੇ ਖਿਲਾਫ ਸ਼ਿਕਾਇਤ ਦਰਜ ਕਰਾਈ। ਬੱਚੀ ਦੀ ਮਾਂ ਨੇ ਪੁਲਸ ਨੂੰ ਬਿਆਨ ਵਿਚ ਸਾਰੀਆਂ ਗੱਲਾਂ ਦੱਸੀਆਂ ਅਤੇ ਇਹ ਵੀ ਦੱਸਿਆ ਕਿ ਦੋਸ਼ੀ ਉਨ੍ਹਾਂ ਦੇ ਘਰ ਆਉਂਦਾ ਰਹਿੰਦਾ ਸੀ। ਪੁਲਸ ਨੇ ਦੋਸ਼ੀ ਡਰਾਈਵਰ (ਉਮਰ 25 ਸਾਲ) ਦੀ ਗ੍ਰਿਫਤਾਰੀ ਵੇਲੇ ਉਸ ਦਾ ਫੋਨ ਜ਼ਬਤ ਕਰ ਲਿਆ ਹੈ। ਇਹ ਚੈੱਕ ਕੀਤਾ ਜਾ ਰਿਹਾ ਹੈ ਕਿ ਉਸ ਨੇ ਬੱਚੀ ਦੇ ਬਲਾਤਕਾਰ ਦੀ ਵੀਡੀਓ ਤਾਂ ਨਹੀਂ ਰਿਕਾਰਡ ਕੀਤੀ। ਇਸ ਘਟਨਾ ਬਾਰੇ ਅਮਰੀਕੀ ਦੂਤਘਰ ਨੇ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਇਸ ਘਟਨਾ ਤੋਂ ਅਸੀਂ ਕਾਫੀ ਹੈਰਾਨ ਹਾਂ। ਸਾਨੂੰ ਜਦੋਂ ਇਸ ਦੀ ਜਾਣਕਾਰੀ ਮਿਲੀ, ਅਸੀਂ ਤੁਰੰਤ ਐਕਸ਼ਨ ਲਿਆ ਅਤੇ ਪੁਲਸ ਨੂੰ ਦੱਸਿਆ। ਜ਼ਾਹਿਰ ਤੌਰ ਉੱਤੇ ਅਸੀਂ ਪੂਰੀ ਤਰ੍ਹਾਂ ਉਨ੍ਹਾਂ ਦਾ ਸਹਿਯੋਗ ਕਰ ਰਹੇ ਹਾਂ। ਬੱਚੀ ਦੀ ਮੈਡੀਕਲ ਜਾਂਚ ਲਈ ਉਸ ਨੂੰ ਹਸਪਤਾਲ ਦਾਖਲ ਕਰਾਇਆ ਗਿਆ ਹੈ, ਜਿਥੇ ਡਾਕਟਰਾਂ ਨੇ ਸੈਕਸੂਅਲ ਅਸਾਲਟ ਦੀ ਪੁਸ਼ਟੀ ਕੀਤੀ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA, LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

MISSISSAUGA BRAMPTON
AFFORDABLE LIVING
CAMBRIDGE KITCHENER WATERLOO



DOON SOUTH - KITCHENER
" 4 BEDROOM HOME"
SEPARATE ENTRANCE TO BASEMENT

Newly built 4 bedroom, 3 bathroom located mintues to 401 + Conestoga college. The area is Doon South, Kitchener which is extremely popular to GTA Buyers. Only block to newly built public elementary school and park. This home has a large foyer for guests coming and going. The contempory floor plan is open and welcoming. Kitchen is custom designed with upgraded stainless steel appliances, pantry and large eating island. Dining room is open to kitchen and can hold a large family. Family room flows off the dining room with hardwood floors and rough in fireplace. The main floor has 9 ft ceilings and large windows. Second floor has 4 bedrooms, laundry room and 2 bathrooms. The huge master has walk in closet + big ensuite bathroom. Basement has a separate entrance and large windows all waiting to be finished. Oversized double attached garage and fence yard are great benefits. ASKING $839,000.
Call Joseph today 519-575-2777 MLS # 30784447



"LUXURIOUS - LARGE CUSTOM 2 STORY IN - LAW SUIT FINISHED WALK OUT BASEMENT"

Beautiful Custom built home with over 4500 sqft of finished space. Featuring 4+1 bedrooms with in law suit in basement. Upon entering the double foyer you will be amazed at the luxury finishing. The hardwood floors have marble/granite inlays, the fluted arched columns are incredible, the custom 7'' baseboards ad large casings, the 9'' main floor ceilings, the stone 2 story fireplace, and the custom built kitchen with upgraded appliances and large island with granite counters. This home has it all then some. On 2nd floor is 4 large bed rooms plus laundry room. The master bedroom is huge with walk in closet and 4pc ensuite bathroom. The bedroom are serviced by another 4 pc large bathroom. The incredible walk out basement has in law suite with separate entrance. Custom Kitchenette with granite counters and raised eating bar. The rec. room has built in custom cabinets + BOSE surround system with gas fire place. 2nd laundry with 3 pc bathroom. The basement leads to a 2 tier deck with pool + hot tub. There is also a large double attached garage and features stamped concrete driveway, sidewalk and rear patio. New shingles, paint, carpets, granite counters and overhead doors. Immaculate condition asking $985,000. Call Joseph today 519-575-2777



"BEAUTIFUL BUNGALOW 3/4 ACRE LOT IN-LAW SUITE"

SOLD



Gated Executive Community
Large Custom Built Bungalow
"EXECUTIVE LARGE FAMILY HOME IN-LAW SUITE"
MLS 30781327


This stone approx. 6000 fully furnished sq ft bungalow has fully furnished basement with in law suite. Sitting on 1.2 acres in executive gated sub division south of Cambridge. Incredible for large families this home will accommodate them. This home has it all! For clients wanting it all! 3 large bedrooms on main floor with ensuites. Oversized family room with coffered ceilings + gas fireplace leading to opulent luxurious kitchen that belongs in a magazine. The kitchen was custom designed + built with the only finest of finishing. Double island with eating bar and commercial grade appliances. The dining room is exquisete and the granite table holds 14 people. The basement is unreal with the entrance from garage or rear door of full walkout. 3 bedroom in law suite with huge kitchen and island. The rec. room is gigantic and bright with huge window to allow sunshine in. The finished triple garage is dry walled, painted and finished floors. Fully landscaped in a gated community. Asking $1,550,000. Call Joseph today 519-575-2777

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com
#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage
Cambridge 519-623-6200
Kitchener 519-741-0950
Awards earned From 2000-2018

**Testimonials**
1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener
2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

# ਵੂਹਾਨ ਤੋਂ ਹਰੇਕ ਕੈਨੇਡੀਅਨ ਨੂੰ ਵਾਪਿਸ ਲਿਆਉਣ ਲਈ ਦੂਜੇ ਜਹਾਜ਼ ਦਾ ਪ੍ਰਬੰਧ

ਟੋਰਾਂਟੋ, 6 ਫਰਵਰੀ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਵੂਹਾਨ ਤੋਂ ਸਾਰੇ ਕੈਨੇਡੀਅਨਾਂ ਨੂੰ ਦੇਸ਼ ਵਾਪਿਸ ਲਿਆਉਣ ਲਈ ਦੂਜੇ ਚਾਰਟਰਡ ਜਹਾਜ਼ ਦਾ ਇੰਤਜ਼ਾਮ ਕਰ ਲਿਆ ਗਿਆ ਹੈ। ਵਿਦੇਸ਼ ਮੰਤਰੀ ਫਰੈਂਕੌਇਸ ਫਿਲਿਪ ਸ਼ੈਂਪੇਨ ਨੇ ਆਖਿਆ ਕਿ ਪਹਿਲਾ ਜਹਾਜ਼ ਕੈਨੇਡੀਅਨਾਂ ਨੂੰ ਲਿਆਉਣ ਲਈ ਭੇਜਿਆ ਜਾ ਚੁੱਕਿਆ ਹੈ ਤੇ ਦੂਜੇ ਜਹਾਜ਼ ਦੇ ਅਗਲੇ ਸੋਮਵਾਰ ਰਵਾਨਾ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਵੀਰਵਾਰ ਨੂੰ ਕੀਤੀ ਇੱਕ ਪ੍ਰੈੱਸ ਕਾਨਫਰੰਸ ਵਿੱਚ ਆਖਿਆ ਕਿ ਇਸ ਦੂਜੇ ਜਹਾਜ਼ ਨਾਲ ਅਸੀਂ ਸਾਰੇ ਕੈਨੇਡੀਅਨਾਂ ਨੂੰ ਵਾਪਿਸ ਲਿਆਉਣ ਵਿੱਚ ਕਾਮਯਾਬ ਹੋਵਾਂਗੇ। ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਪਹਿਲੇ ਜਹਾਜ਼ ਵਿੱਚ 211 ਲੋਕਾਂ ਨੂੰ ਸੀਟਾਂ ਮਿਲੀਆਂ ਸਨ ਪਰ ਸਿਰਫ 194 ਯਾਤਰੀ ਹੀ ਜਹਾਜ਼ ਵਿੱਚ ਸਵਾਰ ਹੋਏ। ਸ਼ੈਂਪੇਨ ਨੇ ਆਖਿਆ ਕਿ ਇਸ ਦੀ ਉਮੀਦ ਵੀ ਸੀ ਕਿਉਂਕਿ ਕਈ ਵਾਰੀ ਕੁੱਝ ਲੋਕ ਆਖਰੀ ਪਲ ਉੱਤੇ ਆਪਣਾ ਮਨ ਬਦਲ ਲੈਂਦੇ ਹਨ।



ਅੰਦਾਜ਼ਨ 50 ਕੈਨੇਡੀਅਨ ਅਮਰੀਕੀ ਜਹਾਜ਼ ਵਿੱਚ ਸਵਾਰ ਹੋ ਕੇ ਅੱਜ ਵੂਹਾਨ ਤੋਂ ਪਰਤਣਗੇ। ਇਸ ਤੋਂ ਭਾਵ ਹੈ ਕਿ ਅਗਲੇ ਹਫਤੇ ਜਾਣ ਵਾਲੇ ਜਹਾਜ਼ ਵਿੱਚ ਵੂਹਾਨ ਵਿੱਚ ਬਚੇ ਕੈਨੇਡੀਅਨਾਂ ਲਈ ਕਾਫੀ ਸੀਟਾਂ ਬਚ ਜਾਣਗੀਆਂ। ਉਨ੍ਹਾਂ ਆਖਿਆ ਕਿ ਅਸੀਂ ਇਹ ਯਕੀਨੀ ਬਣਾਉਣਾ ਚਾਹੁੰਦੇ ਹਾਂ ਕਿ ਜੋ ਕੋਈ ਵੀ ਵੂਹਾਨ ਤੋਂ ਵਾਪਿਸ ਆਉਣਾ ਚਾਹੁੰਦਾ ਹੈ ਉਸ ਕੋਲ ਕੈਨੇਡਾ ਆਉਣਾ ਦਾ ਤੀਜਾ ਮੌਕਾ ਵੀ ਹੋਵੇ। ਜਹਾਜ਼ ਦੇ ਟੇਕ ਆਫ ਕਰਨ ਤੋਂ ਪਹਿਲਾਂ ਹਰੇਕ ਯਾਤਰੀ ਨੂੰ ਸਕਰੀਨ ਕੀਤਾ ਜਾਵੇਗਾ। ਕੈਨੇਡੀਅਨ ਅਧਿਕਾਰੀਆਂ ਨੇ ਆਖਿਆ ਹੈ ਕਿ ਜੇ ਕਿਸੇ ਵੀ ਯਾਤਰੀ ਵਿੱਚ ਵਾਇਰਸ ਦੇ ਲੱਛਣ ਨਜ਼ਰ ਆਉਣਗੇ ਉਸ ਨੂੰ ਜਹਾਜ਼ ਵਿੱਚ ਸਵਾਰ ਨਹੀਂ ਹੋਣ ਦਿੱਤਾ ਜਾਵੇਗਾ।

ਜਹਾਜ਼ ਵਿੱਚ ਸਵਾਰ ਹੋਣ ਤੋਂ ਬਾਅਦ ਜੇ ਕੋਈ ਯਾਤਰੀ ਬਿਮਾਰ ਪੈਂਦਾ ਹੈ ਤਾਂ ਉਸ ਨੂੰ ਜਹਾਜ਼ ਵਿੱਚ ਹੀ ਅਲੱਗ ਥਲੱਗ ਕਰ ਦਿੱਤਾ ਜਾਵੇਗਾ ਤੇ ਉਸ ਨੂੰ ਪ੍ਰੋਟੈਕਟਿਵ ਗੀਅਰ ਦਿੱਤਾ ਜਾਵੇਗਾ ਤਾਂ ਕਿ ਇਹ ਵਾਇਰਸ ਅੱਗੇ ਨਾ ਫੈਲ ਸਕੇ। ਜਹਾਜ਼ ਵਿੱਚ ਮੈਡੀਕਲ ਸਟਾਫ ਵੀ ਹੋਵੇਗਾ। ਪਹਿਲਾਂ ਇਹ ਜਹਾਜ਼ ਮੁੜ ਫਿਊਲ ਭਰਵਾਉਣ ਲਈ ਵੈਨਕੂਵਰ ਰੁਕੇਗਾ ਤੇ ਫਿਰ ਦੱਖਣੀ ਓਨਟਾਰੀਓ ਸਥਿਤ ਕੈਨੇਡੀਅਨ ਫੋਰਸਿਜ਼ ਬੇਸ (ਸੀਐਫਬੀ) ਟ੍ਰੈਂਟਨ ਪਹੁੰਚੇਗਾ। ਫਿਰ ਉੱਥੇ ਦੋ ਹਫਤੇ ਤੱਕ ਯਾਤਰੀਆਂ ਨੂੰ ਰੱਖਿਆ ਜਾਵੇਗਾ।

ਸਿਹਤ ਮੰਤਰੀ ਪੈਟੀ ਹਾਜ਼ਦੂ ਨੇ ਆਖਿਆ ਕਿ ਇਸ ਫੌਜੀ ਟਿਕਾਣੇ ਉੱਤੇ ਮੈਂਟਲ ਹੈਲਥ ਸੇਵਾਵਾਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ। ਉਨ੍ਹਾਂ ਆਖਿਆ ਕਿ ਇਹ ਚੇਤੇ ਰੱਖਣਾ ਚਾਹੀਦਾ ਹੈ ਕਿ ਇਹ ਲੋਕ ਕਿੰਨੇ ਮਾਨਸਿਕ ਤਣਾਅ ਵਿੱਚੋਂ ਲੰਘ ਰਹੇ ਹਨ। ਉਨ੍ਹਾਂ ਲਈ ਕਿੰਨਾ ਔਖਾ ਹੈ ਇਹ ਪਤਾ ਲਾਉਣਾ ਕਿ ਕੀ ਉਹ ਕੈਨੇਡਾ ਆਪਣੇ ਪਰਿਵਾਰਾਂ ਤੱਕ ਪਹੁੰਚ ਸਕਣਗੇ ਜਾਂ ਨਹੀਂ। ਉਨ੍ਹਾਂ ਆਖਿਆ ਕਿ ਅਗਲੇ ਹਫਤੇ ਉਹ ਸੀਐਫਬੀ ਟ੍ਰੈਂਟਨ ਦਾ ਦੌਰਾ ਕਰੇਗੀ ਪਰ ਉਨ੍ਹਾਂ ਇਹ ਸਪਸ਼ਟ ਨਹੀਂ ਕੀਤਾ ਕਿ ਉਨ੍ਹਾਂ ਦੇ ਸਹਿਯੋਗੀ ਤੇ ਵਿਦੇਸ਼ ਮੰਤਰੀ ਸ਼ੈਂਪੇਨ ਉਨ੍ਹਾਂ ਨਾਲ ਇੱਥੇ ਜਾਣਗੇ।

## ਅੱਜ ਨਾਮਾ

ਚੱਲਦੀ ਦਿੱਲੀ ਦੀ ਚੋਣ ਪਿਆ ਜ਼ੋਰ ਲੱਗਾ,
ਵਾਹ ਨਹੀਂ ਕਿਸੇ ਨੇ ਲਾਈ ਹੈ ਘੱਟ ਬਾਬੂ।
ਆਗੂ ਜਿਹੜੇ ਦੀ ਨਜ਼ਰ ਤਸਵੀਰ ਪੈਂਦੀ,
ਕੱਢਦਾ ਉਹੀ ਪਿਆ ਸੁਣੀਂਦਾ ਵੱਟ ਬਾਬੂ।
ਲੁਕਵੇਂ ਵੰਡਦਾ ਕੋਈ ਪਿਆ ਨੋਟ ਸੁਣਦਾ,
ਮ੍ਹਾਤੜ ਵੋਟ ਲਈ ਮੁੱਲ ਰਿਹਾ ਵੱਟ ਬਾਬੂ।
ਜ਼ਿੰਮਾ ਵੰਡਣ-ਵੰਡਾਉਣ ਦਾ ਚੁੱਕ ਕੋਈ,
ਕਹਿੰਦੇ ਗਿਆ ਦਲਾਲੀ ਉਹ ਖੱਟ ਬਾਬੂ।
ਦਿੱਲੀ ਅੰਦਰ ਜਦ ਚੋਣ ਕਮਿਸ਼ਨ ਬੈਠਾ,
ਕੁਲੱਛਣ ਓਥੇ ਵੀ ਲੁਕੇ ਨਹੀਂ ਰਹੇ ਬਾਬੂ।
ਦੀਵੇ ਹੇਠਾਂ ਹਨੇਰਾ ਜਦ ਪਿਆ ਹੋਇਆ,
ਗੱਲ ਮੁਲਕ ਦੀ ਕਿੱਦਾਂ ਕੋਈ ਕਹੇ ਬਾਬੂ।

**ਤੀਸ ਮਾਰ ਖਾਂ**

# ਐੱਨ ਪੀ ਆਰ ਦਾ ਵਿਰੋਧ ਸਿਆਸੀ ਮਾਹੌਲ ਵਾਸਤੇ ਕੀਤਾ ਜਾ ਰਿਹੈ

ਨਵੀਂ ਦਿੱਲੀ, 6 ਫਰਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਨਵੇਂ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਬਾਰੇ ਦੇਸ਼ ਨੂੰ ਗੁੰਮਰਾਹ ਕਰਨ ਤੇ ਗਲਤ ਸੂਚਨਾ ਦੇਣ ਦਾ ਦੋਸ਼ ਲਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਵੀਰਵਾਰ ਨੂੰ ਵਿਰੋਧੀ ਧਿਰਾਂ ਉੱਤੇ ਤਿੱਖਾ ਹਮਲਾ ਬੋਲਦੇ ਹੋਏ ਕਿਹਾ ਕਿ ਦੇਸ਼ ਦੇ ਮੁੱਖ ਮੰਤਰੀ ਇਕ ਪਾਸੇ ਸਾਨੂੰ ਸਾਵਧਾਨ

### ਮੋਦੀ ਦਾ ਵਿਰੋਧੀ ਧਿਰ ਉੱਤੇ ਹੱਲਾ:

ਕਰਦੇ ਹਨ ਕਿ ਸੀ ਏ ਏ ਵਿਰੁੱਧ ਹੋਣ ਵਾਲੇ ਰੋਸ ਪ੍ਰਦਰਸ਼ਨਾਂ ਵਿੱਚ ਕੱਟੜਵਾਦੀ ਤੱਤ ਸ਼ਾਮਲ ਹੋਣ ਲੱਗ ਪਏ ਹਨ, ਦੂਸਰੇ ਪਾਸੇ ਉਨ੍ਹਾਂ ਦੀ ਪਾਰਟੀ ਦਿੱਲੀ ਵਿੱਚ ਅਜਿਹੇ ਰੋਸ ਪ੍ਰਦਰਸ਼ਨਾਂ ਦਾ ਸਮਰਥਨ ਕਰਦੀ ਹੈ।

ਰਾਸ਼ਟਰਪਤੀ ਦੇ ਭਾਸ਼ਣ ਲਈ ਧੰਨਵਾਦ ਦੇ ਮਤੇ ਉੱਤੇ ਪਾਰਲੀਮੈਂਟ ਦੇ ਉੱਪਰਲੇ ਸਦਨ, ਰਾਜ ਸਭਾ, ਵਿੱਚ ਬਹਿਸ ਦਾ ਜਵਾਬ ਦਿੰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਮਾਜਵਾਦੀ ਨੇਤਾ ਰਾਮ ਮਨੋਹਰ ਲੋਹੀਆ ਅਤੇ ਸਾਬਕਾ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਦੇ ਉਨ੍ਹਾਂ ਬਿਆਨਾਂ ਦਾ ਹਵਾਲਾ ਦਿੱਤਾ, ਜਿਨ੍ਹਾਂ ਵਿੱਚ ਪਾਕਿਸਤਾਨ ਵਿੱਚ ਘੱਟ-ਗਿਣਤੀਆਂ ਉੱਤੇ ਜ਼ੁਲਮ ਹੋਣ ਦਾ ਜ਼ਿਕਰ ਕੀਤਾ ਗਿਆ ਸੀ। ਮੋਦੀ ਨੇ ਕਿਹਾ, 'ਕੀ ਦੇਸ਼ ਨੂੰ ਗੁੰਮਰਾਹ ਕਰਨਾ ਅਤੇ ਗਲਤ ਜਾਣਕਾਰੀ ਦੇਣਾ ਠੀਕ ਹੈ? ਕੀ ਏਦਾਂ ਕਰਨ ਵਾਲਾ ਵਿਅਕਤੀ ਕਿਸੇ ਮੁਹਿੰਮ ਦਾ ਹਿੱਸਾ ਹੋ ਸਕਦਾ ਹੈ? ਸੀ ਏ ਏ ਬਾਰੇ ਕਈ ਵਿਰੋਧੀ ਪਾਰਟੀਆਂ ਨੇ ਜਿਹੜਾ ਰਸਤਾ ਚੁਣਿਆ ਹੈ, ਉਹ ਮੰਦ-ਭਾਗਾ ਹੈ।' ਪ੍ਰਧਾਨ ਮੰਤਰੀ ਨੇ ਕਿਹਾ, 'ਕੇਰਲ ਦੇ ਮੁੱਖ ਮੰਤਰੀ ਇਕ ਪਾਸੇ ਚਿਤਾਵਨੀ ਦਿੰਦੇ ਹਨ ਕਿ ਉਸ ਰਾਜ ਵਿਚਲੇ ਸੀ ਏ ਏ ਵਿਰੋਧੀ ਰੋਸ ਪ੍ਰਦਰਸ਼ਨਾਂ ਵਿੱਚ ਕੱਟੜਪੰਥੀ ਤੱਤ ਸ਼ਾਮਲ ਹੋ ਰਹੇ ਹਨ ਤੇ ਦੂਜੇ ਪਾਸੇ ਖੱਬੇ ਪੱਖੀ ਪਾਰਟੀਆਂ ਦੇ ਮੈਂਬਰ ਇਸ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਉਨ੍ਹਾਂ ਰੋਸ ਪ੍ਰਦਰਸ਼ਨਾਂ ਦਾ ਸਮਰਥਨ ਕਰਦੇ ਹਨ।' ਮੋਦੀ ਨੇ ਕਿਹਾ ਕਿ ਲੋਕਾਂ ਨੂੰ ਸੀ ਏ ਏ ਬਾਰੇ ਡਰਾਉਣ ਦੀ ਬਜਾਏ ਸਹੀ ਗੱਲ ਦੱਸਣ ਦੀ ਲੋੜ ਹੈ। ਉਨ੍ਹਾਂ ਕਿਹਾ, 'ਸੀ ਏ ਏ ਦੇ ਵਿਰੋਧ ਵਿੱਚ ਹੋਈ ਹਿੰਸਾ ਨੂੰ ਅੰਦੋਲਨ ਦਾ ਅਧਿਕਾਰ ਮੰਨ ਲਿਆ ਗਿਆ ਤੇ ਸੀ ਏ ਏ ਬਾਰੇ ਜੋ ਕੁਝ ਕਿਹਾ ਜਾ ਰਿਹਾ ਹੈ, ਉਸ ਬਾਰੇ ਸਾਰੇ ਸਾਥੀਆਂ ਨੂੰ ਆਪਣੇ ਆਪ ਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਕੀ ਉਨ੍ਹਾਂ ਨੂੰ ਦੇਸ਼ ਨੂੰ ਗੁੰਮਰਾਹ ਕਰਨਾ ਚਾਹੀਦਾ ਹੈ। ਇਹ ਰਸਤਾ ਸਹੀ ਨਹੀਂ ਹੈ।'

## ਸ਼ੋਕ ਸਮਾਚਾਰ

### ਸਰਦਾਰ ਕਰਤਾਰ ਸਿੰਘ ਬੇਦੀ ਨਹੀਂ ਰਹੇ



ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਰਦਾਰ ਕਰਤਾਰ ਸਿੰਘ ਬੇਦੀ ਮਿਤੀ 2 ਫਰਵਰੀ ਨੂੰ ਅਕਾਲ ਚਲਾਣਾ ਕਰ ਗਏ। ਉਹ 85 ਸਾਲ ਦੇ ਸਨ। ਸਾਲ 1991 ਵਿਚ ਉਹ ਕੈਨੇਡਾ ਆਏ ਅਤੇ ਓਨਟਾਰੀਓ ਦੇ ਇਟੋਬੀਕੋਕ ਸ਼ਹਿਰ ਵਿਚ ਰਹਿਣ ਲੱਗੇ, ਜਿਸ ਤੋਂ ਬਾਅਦ ਬਰੈਂਪਟਨ ਵਿਚ ਸੈਟਲ ਹੋ ਗਏ। ਉਨ੍ਹਾਂ ਦਾ ਅੰਤਮ ਸਸਕਾਰ 8 ਫਰਵਰੀ, ਦਿਨ ਸ਼ਨੀਵਾਰ ਨੂੰ ਸਵੇਰੇ 7:30 ਵਜੇ ਤੋਂ 9:30 ਵਜੇ ਤੱਕ 30 Bramwin Court, Brampton, Ontario, L6T 5G2 ਵਿਖੇ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨਮਿਤ ਪਾਠ ਦੇ ਭੋਗ ਸਵੇਰੇ 10:30 ਵਜੇ ਤੋਂ ਦੁਪਹਿਰ 12:30 ਵਜੇ ਤੱਕ Nanaksar Thath Isher Darbar, 9954 The Gore Rd, Brampton, Ontario L6P OA7 ਵਿਖੇ ਪੈਣਗੇ।ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਪੁੱਤਰ ਮਨਜੀਤ ਸਿੰਘ ਬੇਦੀ ਨਾਲ 647-449-7946 ਜਾਂ ਰਣਧੀਰ ਸਿੰਘ ਬੇਦੀ ਨਾਲ 416-400-8436 ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਭਾਰਤ ਵਿੱਚ ਕੀਤਾ ਵਿਆਹ ਐੱਨ ਆਰ ਆਈ ਨੂੰ 30 ਦਿਨਾਂ ਵਿੱਚ ਰਜਿਸਟਰ ਕਰਨਾ ਪਏਗਾ

ਚੰਡੀਗੜ੍ਹ, 6 ਫਰਵਰੀ, (ਪੋਸਟ ਬਿਊਰੋ)- ਭਾਰਤ ਸਰਕਾਰ ਦਾ ਵਿਦੇਸ਼ ਮੰਤਰਾਲਾ ਉਨ੍ਹਾਂ ਵਿਦੇਸ਼ੀ ਲਾੜਿਆਂ ਉੱਤੇ ਲਗਾਮ ਕੱਸਣ ਲੱਗਾ ਹੈ, ਜਿਹੜੇ ਭਾਰਤ ਵਿੱਚ ਵਿਆਹ ਕਰਵਾ ਕੇ ਦੌੜ ਭੱਜ ਜਾਂਦੇ ਤੇ ਫਿਰ ਵਾਪਸ ਨਹੀਂ ਸੀ ਆਉਂਦੇ। ਇਹੋ ਜਿਹੇ ਲਾੜਿਆਂ ਦੇ ਪਾਸਪੋਰਟ ਅੱਗੇ ਤੋਂ ਉਨ੍ਹਾਂ ਦੇ ਵਿਆਹ ਦੀ ਰਜਿਸਟ੍ਰੇਸ਼ਨ ਨਾਲ ਬੱਝ ਜਾਣਗੇ। ਵਿਦੇਸ਼ੀ ਲਾੜਿਆਂ ਨੂੰ 30 ਦਿਨਾਂ ਦੇ ਅੰਦਰ ਵਿਆਹ ਰਜਿਸਟਰ ਕਰਾਉਣਾ ਪਵੇਗਾ। ਜੇ ਉਹ ਨਹੀਂ ਕਰਵਾਉਂਦੇ ਤੇ ਉਨ੍ਹਾਂ ਦੀ ਪਤਨੀ ਪਾਸਪੋਰਟ ਦਫਤਰ ਜਾਂ ਵਿਦੇਸ਼ ਮੰਤਰਾਲੇ ਨੂੰ ਸ਼ਿਕਾਇਤ ਕਰੇਗੀ ਤਾਂ ਵਿਦੇਸ਼ ਮੰਤਰਾਲਾ ਉਸ ਦਾ ਪਾਸਪੋਰਟ ਰੱਦ ਕਰ ਦੇਵੇਗਾ।



ਚੰਡੀਗੜ੍ਹ ਦੇ ਰੀਜਨਲ ਪਾਸਪੋਰਟ ਅਫਸਰ ਸ਼ਿਵਾਸ ਕਵੀਰਾਜ ਨੇ ਦੱਸਿਆ ਹੈ ਕਿ ਮੰਤਰਾਲੇ ਨੂੰ ਵਿਦੇਸ਼ੀ ਲਾੜਿਆਂ ਦੇ ਪਾਸਪੋਰਟ ਰੱਦ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ ਤੇ ਉਨ੍ਹਾਂ ਨੂੰ ਭੇਜੇ ਕਾਨੂੰਨੀ ਨੋਟਿਸ ਵਿਦੇਸ਼ਾਂ ਵਿੱਚ ਉਨ੍ਹਾਂ ਤਕ ਨਹੀਂ ਪਹੁੰਚਦੇ ਸਨ। ਇਸ ਪਿੱਛੋਂ ਅਦਾਲਤ ਵਾਰ-ਵਾਰ ਨੋਟਿਸ ਭੇਜਦੀ ਅਤੇ ਨੋਟਿਸ ਸਰਵ ਨਾ ਹੋਣ ਦੇ ਕਾਰਨ ਵਿਦੇਸ਼ ਮੰਤਰਾਲਾ ਕੋਈ ਕਾਰਵਾਈ ਨਹੀਂ ਸੀ ਕਰ ਸਕਦਾ। ਇਸ ਕਾਰਨ ਵਿਦੇਸ਼ ਮੰਤਰਾਲਾ ਇੱਕ ਵੈੱਬਸਾਈਟ ਸ਼ੁਰੂ ਕਰਨ ਲੱਗਾ ਹੈ ਅਤੇ ਸਾਰੇ ਨੋਟਿਸ ਉਸ ਵੈੱਬਸਾਈਟ ਵਿੱਚ ਪਾਏ ਜਾਣਗੇ। ਇਸ ਤੋਂ ਸਾਬਤ ਹੋ ਜਾਵੇਗਾ ਕਿ ਲਾੜਿਆਂ ਨੇ ਨੋਟਿਸ ਵੇਖ ਲਿਆ ਹੈ। ਇਸ ਸਥਿਤੀ ਵਿੱਚ ਵਿਦੇਸ਼ ਮੰਤਰਾਲਾ ਉਨ੍ਹਾਂ ਦੇ ਪਾਸਪੋਰਟ ਰੱਦ ਕਰ ਦੇਵੇਗਾ।

# 6000 ਕਰੋੜੀ ਡਰੱਗਸ ਰੈਕੇਟ: ਮੁੱਖ ਦੋਸ਼ੀ ਅਨੂਪ ਕਾਹਲੋਂ ਜ਼ਮਾਨਤ ਮਿਲਣ ਪਿੱਛੋਂ ਵਿਦੇਸ਼ ਉਡਾਰੀ ਮਾਰ ਗਿਆ

*** ਸਾਊਥ ਅਫਰੀਕਾ ਵਿੱਚ ਫੜੇ ਜਾਣ ਪਿੱਛੋਂ ਪੰਜਾਬ ਪੁਲਸ ਨੂੰ ਪਤਾ ਲੱਗਾ**

ਚੰਡੀਗੜ੍ਹ, 6 ਫਰਵਰੀ, (ਪੋਸਟ ਬਿਊਰੋ)- ਪੰਜਾਬ ਵਿੱਚ ਸਭ ਤੋਂ ਵੱਡੇ 6000 ਕਰੋੜ ਰੁਪਏ ਦੇ ਇੰਟਰਨੈਸ਼ਨਲ ਡਰੱਗਸ ਰੈਕੇਟ ਦਾ ਮੁੱਖ ਦੋਸ਼ੀ ਅਨੂਪ ਸਿੰਘ ਕਾਹਲੋਂ ਜ਼ਮਾਨਤ ਮਿਲਣ ਪਿੱਛੋਂ ਫਰਾਰ ਹੋ ਕੇ ਵਿਦੇਸ਼ ਚਲਾ ਗਿਆ ਹੈ। ਹੈਰਾਨੀ ਵਾਲੀ ਗੱਲ ਹੈ ਕਿ ਪਾਸਪੋਰਟ ਜ਼ਬਤ ਹੋਣ ਦੇ ਬਾਵਜੂਦ ਉਹ ਸਾਊਥ ਅਫਰੀਕਾ ਪਹੁੰਚ ਗਿਆ। ਉਸ ਦੇ ਫਰਾਰ ਹੋਣ ਦਾ ਖੁਲਾਸਾ ਉਦੋਂ ਹੋਇਆ, ਜਦੋਂ ਉਸ ਦੇ ਗ੍ਰਿਫਤਾਰ ਹੋਣ ਦੀ ਜਾਣਕਾਰੀ ਭਾਰਤ ਸਰਕਾਰ ਨੂੰ ਮਿਲੀ।



ਅਨੂਪ ਸਿੰਘ ਕਾਹਲੋਂ ਪਿਛਲੇ ਇੱਕ ਮਹੀਨੇ ਤੋਂ ਲਗਾਤਾਰ ਦੋ ਪੇਸ਼ੀਆਂ ਮੌਕੇ ਅਦਾਲਤ ਵਿੱਚ ਪੇਸ਼ ਨਹੀਂ ਹੋਇਆ। ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਕਾਹਲੋਂ ਦਾ ਰੈੱਡ ਕਾਰਨਰ ਨੋਟਿਸ ਜਾਰੀ ਕਰਨ ਦੀ ਸ਼ਿਫਾਰਸ਼ ਕੀਤੀ ਹੋਈ ਦੱਸੀ ਜਾਂਦੀ ਹੈ। ਕੈਨੇਡੀਅਨ ਨਾਗਰਿਕ ਅਨੂਪ ਸਿੰਘ ਕਾਹਲੋਂ ਨੂੰ ਪੰਜਾਬ ਪੁਲਿਸ ਨੇ 2013 ਵਿੱਚ ਜ਼ੀਰਕਪੁਰ ਦੇ ਫਲੈਟ ਤੋਂ ਗ੍ਰਿਫਤਾਰ ਕੀਤਾ ਸੀ ਅਤੇ ਉਸ ਫਲੈਟ ਦੀ ਸੀਲਿੰਗ ਵਿੱਚੋਂ ਪੁਲਿਸ ਨੇ 16 ਕਿਲੋ ਹੈਰੋਇਨ ਮਿਲੀ ਸੀ। ਉਸ ਦੀ ਗ੍ਰਿਫ਼ਤਾਰੀ ਤੋਂ ਬਾਅਦ ਪੁਲਿਸ ਨੇ ਹਰਿਆਣਾ ਦੇ ਮੁੱਕੇਬਾਜ਼ ਵਿਜੇਂਦਰ ਸਿੰਘ ਨੂੰ ਫੜਿਆ ਸੀ ਤੇ ਰੈਕੇਟ ਦੇ ਤਾਰ ਕੈਨੇਡਾ ਤੇ ਹਾਲੈਂਡ ਤਕ ਜੁੜੇ ਨਿਕਲੇ ਸਨ। ਇਸ ਦੀ ਮਾਰ ਪੰਜਾਬ ਦੇ ਕਈ ਨੇਤਾਵਾਂ ਨੂੰ ਵੀ ਪਈ ਸੀ। ਇਸ ਕੇਸ ਵਿੱਚ ਮੁਹਾਲੀ ਦੀ ਸੀ ਬੀ ਆਈ ਅਦਾਲਤ ਨੇ ਇੱਕ ਸਾਲ ਪਹਿਲਾਂ ਕਾਹਲੋਂ ਨੂੰ 15 ਸਾਲ ਸਜ਼ਾ ਸੁਣਾਈ ਸੀ। ਕਾਹਲੋਂ ਨੇ ਹਾਈ ਕੋਰਟ ਵਿੱਚ ਅਪੀਲ ਕੀਤੀ, ਤਾਂ ਉਸ ਨੂੰ ਜ਼ਮਾਨਤ ਮਿਲ ਗਈ, ਜਿਸ ਪਿੱਛੋਂ ਉਹ ਫਰਾਰ ਹੋਇਆ ਦੱਸਿਆ ਗਿਆ ਸੀ।

# ਨਸ਼ੀਲੇ ਪਦਾਰਥ:ਅਕਾਲੀ ਆਗੂ ਦੀ ਸੀਲ ਕੀਤੀ ਕੋਠੀ ਦਾ ਦਾਰਵਾਜ਼ਾ ਖੁੱਲ੍ਹਾ ਮਿਲਿਆ

ਅੰਮ੍ਰਿਤਸਰ, 6 ਫਰਵਰੀ (ਪੋਸਟ ਬਿਊਰੋ)- ਸਥਾਨਕ ਸੁਲਤਾਨਵਿੰਡ ਪਿੰਡ ਦੀ ਅਕਾਸ਼ ਐਵੇਨਿਊ ਸਥਿਤ ਅਕਾਲੀ ਆਗੂ ਅਨਵਰ ਮਸੀਹ ਦੀ ਕੋਠੀ, ਜਿੱਥੋਂ ਐਸ ਟੀ ਐਫ ਨੇ 450 ਕਿੱਲੋ ਨਸ਼ੀਲੇ ਪਦਾਰਥ ਫੜੇ ਸਨ, ਦਾ ਸੀਲ ਕੀਤਾ ਬਾਹਰਲਾ ਦਰਵਾਜ਼ਾ ਕੱਲ੍ਹ ਸਵੇਰੇ ਖੁੱਲ੍ਹਾ ਮਿਲਿਆ। ਇਸ ਦਰਵਾਜ਼ੇ ਦਾ ਕੁੰਡਾ ਵੀ ਟੁੱਟਿਆ ਹੋਇਆ ਸੀ। ਪੁਲਸ ਨੇ ਇਸ ਬਾਰੇ ਕੋਈ ਜਾਣਕਾਰੀ ਨਾ ਹੋਣ ਦੀ ਗੱਲ ਕਹਿ ਕੇ ਟਾਲ ਦਿੱਤਾ ਹੈ।

ਕੱਲ੍ਹ ਸਵੇਰੇ ਅਨਵਰ ਮਸੀਹ ਦੀ ਕੋਠੀ ਦਾ ਦਰਵਾਜ਼ਾ ਖੁੱਲ੍ਹਾ ਦੇਖ ਕੇ ਨੇੜੇ ਰਹਿੰਦੇ ਲੋਕਾਂ ਨੇ ਥਾਣੇ ਨੂੰ ਸੂਚਨਾ ਦਿੱਤੀ। ਮੁੱਢਲੇ ਤੌਰ 'ਤੇ ਦੇਖਣ ਤੋਂ ਜਾਪਦਾ ਸੀ, ਜਿਵੇਂ ਕਿਸੇ ਨੇ ਕੋਠੀ ਵਿੱਚ ਜਾਣ ਵਾਸਤੇ ਇਸਦੇ ਬਾਹਰਲੇ ਮੁੱਖ ਦਰਵਾਜ਼ੇ ਦੇ ਕੁੰਡੇ ਦਾ ਇੱਕ ਹਿੱਸਾ ਕੱਟ ਦਿੱਤਾ ਹੋਵੇ। ਲੋਹੇ ਦੇ ਦੋ ਦਰਵਾਜ਼ਿਆਂ ਵਿਚਾਲੇ ਤਾਲਾ ਲਾਉਣ ਵਾਸਤੇ ਬਣੇ ਇਸ ਕੁੰਡੇ ਦਾ ਕੁਝ ਹਿੱਸਾ ਇਸ ਤਰ੍ਹਾਂ ਕੱਟਿਆ ਗਿਆ ਹੈ ਕਿ ਜੇ ਦੋਵੇਂ ਦਰਵਾਜ਼ੇ ਬੰਦ ਹੋਣ ਤਾਂ ਉਨ੍ਹਾਂ ਨੂੰ ਦੂਰੋਂ ਤਾਲਾ ਲੱਗਾ ਮਹਿਸੂਸ ਹੁੰਦਾ ਹੈ। ਦਰਵਾਜ਼ੇ ਨੂੰ ਤਾਲਾ ਲੱਗਾ ਹੋਇਆ ਹੈ, ਜੋ ਬੰਦ ਹੈ ਪਰ ਕੁੰਡੇ ਦਾ ਇੱਕ ਹਿੱਸਾ ਕੱਟਿਆ ਹੋਣ ਕਾਰਨ ਦਰਵਾਜ਼ਾ ਖੁੱਲ੍ਹ ਜਾਂਦਾ ਹੈ। ਅਕਾਲੀ ਆਗੂ ਦੀ ਸੀਲ ਕੀਤੀ ਕੋਠੀ ਦਾ ਦਰਵਾਜ਼ਾ ਕਿਸੇ ਵੱਲੋਂ ਖੋਲ੍ਹਣਾ ਭੇਤ ਬਣਿਆ ਹੋਇਆ ਹੈ।




# ਢੱਡਰੀਆਂ ਵਾਲਾ ਨੇ ਕਿਹਾ: ਸਟੇਜਾਂ ਛੱਡ ਦਿਆਂਗਾ, ਪ੍ਰਚਾਰ ਨਹੀਂ



ਲਹਿਰਾਗਾਗਾ, 6 ਫਰਵਰੀ (ਪੋਸਟ ਬਿਊਰੋ)- ਪਿੰਡ ਗਿਦੜਿਆਣੀ ਵਿਖੇ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਤਿੰਨ ਦਿਨਾਂ ਧਾਰਮਿਕ ਦੀਵਾਨ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਕੱਲ੍ਹ ਸਮਾਪਤ ਹੋ ਗਏ। ਵਰਨਣ ਯੋਗ ਹੈ ਕਿ ਦਮਦਮੀ ਟਕਸਾਲ ਵੱਲੋਂ ਦੀਵਾਨ ਨਾ ਲੱਗਣ ਦੀ ਚਿਤਾਵਨੀ ਦਿੱਤੀ ਹੋਈ ਸੀ, ਜਿਸ ਕਾਰਨ ਕਿਸੇ ਅਣਸੁਖਾਵੀ ਘਟਨਾ ਨੂੰ ਰੋਕਣ ਲਈ ਤਿੰਨ ਦਿਨ ਲਗਾਤਾਰ ਭਾਰੀ ਗਿਣਤੀ 'ਚ ਪੁਲਸ ਫੋਰਸ ਤਾਇਨਾਤ ਰਹੀ ਸੀ।

ਇਸ ਦੌਰਾਨ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਕਿਹਾ ਕਿ ਉਹ ਆਪਣੇ ਕਾਰਨ ਕਿਸੇ ਦਾ ਨੁਕਸਾਨ ਨਹੀਂ ਕਰਵਾਉਣਾ ਚਾਹੁੰਦੇ ਤੇ ਨਾ ਕਿਸੇ ਤਰ੍ਹਾਂ ਦਾ ਟਕਰਾਅ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਕੌਮ ਦੇ ਨੁਕਸਾਨ ਨਾਲੋਂ ਜੇ ਉਨ੍ਹਾਂ ਨੂੰ ਸਟੇਜਾਂ ਛੱਡਣੀਆਂ ਪਈਆਂ ਤਾਂ ਉਹ ਗੁਰੇਜ਼ ਨਹੀਂ ਕਰਨਗੇ, ਪਰ ਧਰਮ ਪ੍ਰਚਾਰ ਨਹੀਂ ਛੱਡਣਗੇ। ਇਸ ਮੌਕੇ ਉਨ੍ਹਾਂ ਪੁਲਸ ਤੇ ਪ੍ਰਸ਼ਾਸਨ ਦਾ ਧੰਨਵਾਦ ਵੀ ਕੀਤਾ। ਅਖ਼ੀਰਲੇ ਦਿਨ ਅੰਮ੍ਰਿਤ ਸੰਚਾਰ ਸਮੇਂ ਪ੍ਰਮੇਸ਼ਵਰ ਦੁਆਰ ਤੋਂ ਆਏ ਪੰਜ ਪਿਆਰਿਆਂ ਦੀ ਅਗਵਾਈ ਹੇਠ 72 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ।








ਸੁਲੱਖਣ ਸਿੰਘ ਅਟਵਾਲ ਦੀ ਪਾਕਿਸਤਾਨ ਫੇਰੀ

ਕੁਝ ਸਮਾਂ ਪਹਿਲਾਂ ਕੈਨੇਡਾ ਤੋਂ ਪਾਕਿਸਤਾਨ ਦਾ ਵੀਜ਼ਾ ਲੈਕੇ ਭਾਰਤ ਵਲੋਂ ਬਾਘਾ ਬਾਰਡਰ ਤੋਂ ਦਾਖਿਲ ਹੋਇਆ। ਪਹਿਲਾਂ ਮੇਰਾ ਵੀਜ਼ਾ ਕੁਝ ਸ਼ਰਤਾਂ 'ਤੇ ਸੀ। ਪਾਕਿਸਤਾਨ ਅਧਿਕਾਰੀਆਂ ਨੇ ਮੇਰਾ ਵੀਜ਼ਾ ਖੁਲ੍ਹਾ ਕਰ ਦਿੱਤਾ। ਮੈ ਜਿਥੇ ਮਰਜ਼ੀ ਜਾ ਸਕਦਾ ਸੀ। ਪਹਿਲਾਂ ਮੈਂ ਸ਼ਾਹੀ ਸ਼ਹਿਰ ਲਾਹੌਰ ਪਹੁੰਚਿਆ ਦੋ ਦਿਨ ਲਾਹੌਰ ਦਾ ਹਰ ਹਿੱਸਾ ਦੇਖਣ ਦੀ ਕੋਸ਼ਿਸ਼ ਕੀਤੀ। ਮੁਗ਼ਲ ਰਾਜ ਦੀਆਂ ਸਾਰੀਆਂ ਇਮਾਰਤਾਂ ਤੇ ਸਾਰੇ ਕਿਲੇ ਤੇ ਮਸਜਦਾਂ ਦੇਖੀਆਂ। ਮਹਾਰਾਜਾ ਰਣਜੀਤ ਸਿੰਘ ਦੇ ਮਜ਼ਬੂਤ ਕਿਲੇ ਤੇ ਊਨਾ ਦੇ ਲੜਾਈ ਵਿਚ ਲੜਨ ਵਾਲੇ ਹਥਿਆਰ ਤੇ ਹੈਰਾਨ ਕਰਨ ਵਾਲੀਆਂ ਤੋਪਾਂ ਤੇ ਹੋਰ ਛੋਟੇ ਹਥਿਆਰ ਦੇਖੇ। ਸਾਰੇ ਗੁਰਦਵਾਰਿਆਂ ਦੇ ਦਰਸ਼ਨ ਕੀਤੇ। ਹੋਟਲ ਦੇ ਮਾਲਕਾਂ ਨੇ ਪੈਸੇ ਨਈਂ ਲਏ। ਅਗਲੇ ਦਿਨ ਫੈਸਲਾਬਾਦ ਚਲਾ ਗਿਆ ਪਾਕਿਸਤਾਨ ਦਾ ਵੱਡੀਆਂ ਵੱਡੀਆਂ ਫੈਕਟਰੀਆਂ ਦਾ ਸ਼ਹਿਰ ਹੈ। ਅਗਲੇ ਦਿਨ ਆਪਣੇ ਪਿੰਡ ਫਰਾਲੇ ਪੁਹੰਚਣ ਤੇ ਪਿੰਡ ਦੇ ਸੂਜਵਾਨ ਤਕਰੀਵਨ ਚਾਲੀ ਬੰਦੇ ਉਡੀਕ ਰਹੇ ਸਨ। ਫੁੱਲਾਂ ਦੇ ਹਾਰਾਂ ਨਾਲ ਸੁਆਗਤ ਕੀਤਾ। ਦੋ ਰਾਤਾਂ ਮੈ ਆਪਣੇ ਘਰ ਚ ਰਿਹਾ ਮੇਂ ਉਸ ਵਕਤ ਬਾਰਾਂ ਸਾਲਾਂ ਸੀ। ਪਿੰਡ ਦੇ ਰਹਿਣ ਵਾਲੇ ਦੋਸਤ ਖੁਸ਼ ਵੀ ਹੋਏ ਤੇ ਬਹੁਤ ਉਦਾਸ ਵੀ ਹੋਏ। ਅਗਲੇ ਦਿਨ ਨਾਨਕਾਣਾ ਸਾਹਿਬ ਪਹੁੰਚ ਗਿਆ ਸਕਿਉਰਿਟੀ ਹਰ ਵਕਤ ਮੇਰੇ ਨਾਲ ਰਹਿੰਦੀ ਸੀ। ਰਹਿਣ ਵਾਸਤੇ ਖਾਸ ਕਮਰਾ ਤੇ ਖਾਸ ਸਹੂਲਤਾਂ ਦਿਤੀਆਂ। ਵੀਰੋ ਜਿੰਨੀ ਇਜ਼ਤ ਮਾਣ ਸਰਦਾਰਾਂ ਨੂੰ ਪਾਕਿਸਤਾਨ ਮਿਲਦੀ ਹੈ ਸ਼ਾਇਦ ਹੀ ਕਿਤੇ ਹੋਰ ਮਿਲਦੀ ਹੋਵੇ। ਮੇਰੇ ਵੱਲੋਂ ਦੋਨਾਂ ਦੇਸ਼ਾਂ ਦੀ ਚੜ੍ਹਦੀ ਕਲਾ ਦੀ ਅਰਦਾਸ ਹੈ।

# ਭੋਗ ਤੇ ਅੰਤਮ ਅਰਦਾਸ



ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਰਦਾਰਨੀ ਸੁਰਜੀਤ ਕੌਰ ਚਾਹਲ ਪਤਨੀ ਸ਼੍ਰੀ ਅਮਰਜੀਤ ਸਿੰਘ ਚਾਹਲ, ਪਿੰਡ ਰਾਮਗੜ੍ਹ, ਜ਼ਿਲਾ ਬਰਨਾਲਾ, ਜੋ ਕਿ ਬਰੈਪਟਨ ਵਿਖੇ ਰਹਿ ਰਹੇ ਸਨ, ਦਾ ਅੰਤਮ ਸਸਕਾਰ 8 ਫਰਵਰੀ, ਦਿਨ ਸ਼ਨੀਵਾਰ ਨੂੰ ਦੁਪਹਿਰ 2:30 ਵਜੇ ਤੋਂ 4:30 ਵਜੇ ਤੱਕ 30 Bramwin Cout, Brampton, Ontario, L6T 5G2 ਵਿਖੇ ਕੀਤਾ ਜਾ ਰਿਹਾ ਹੈ। ਉਨ੍ਹਾਂ ਨਮਿਤ ਪਾਠ ਦੇ ਭੋਗ ਸ਼ਾਮ 5:00 ਵਜੇ ਤੋਂ 7:00 ਵਜੇ ਓਂਟਾਰੀਓ ਖਾਲਸਾ ਦਰਬਾਰ ਡਿਕਸੀ ਗੁਰਦੁਆਰਾ ਸਾਹਿਬ, ਹਾਲ ਨੰਬਰ 2 ਵਿਖੇ ਪੈਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ: ਅਮਰਜੀਤ ਸਿੰਘ ਚਾਹਲ ਨਾਲ 647-741-2931 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸ਼ੋਕ ਸਮਾਚਾਰ



ਆਪ ਸਭ ਨੂੰ ਬੜੇ ਹੀ ਦੁਖੀ ਮਨ ਨਾਲ ਦੱਸ ਰਹੇ ਹਾਂ ਕੇ ਕਬੱਡੀ ਫੈਡਰੇਸ਼ਨ ਆਫ ਉਨਟਾਰੀਓ, ਮੈਟਰੋ ਪੰਜਾਬੀ ਸਪੋਰਟਸ ਕਲੱਬ ਦੇ ਸਾਬਕਾ ਪ੍ਰਧਾਨ ਅਤੇ ਕਬੱਡੀ ਜਗਤ ਵਿਚ ਜਾਣੀ ਪਹਿਚਾਣੀ ਸ਼ਖਸ਼ੀਅਤ ਮਲਕੀਤ ਸਿੰਘ ਦਿਓਲ ਦੇ ਸਹੁਰਾ ਸਾਹਿਬ ਸਰਦਾਰ ਮਨੋਹਰ ਸਿੰਘ ਸਿੱਧੂ ਪਿੰਡ ਹਰੀਪੁਰ (ਬਾਠ) ਜਲੰਧਰ ਬੀਤੇ ਸੋਮਵਾਰ 3 ਫਰਵਰੀ 2020 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਕੇ ਪਰਲੋਕ ਸੁਧਾਰ ਗਏ ਹਨ ਸਰਦਾਰ ਮਨੋਹਰ ਸਿੰਘ ਸਿੱਧੂ ਆਪਣੇ ਪਿੱਛੇ ਧਰਮ ਪਤਨੀ , 2 ਪੁੱਤਰ, 2 ਧੀਆਂ, ਪੋਤੇ ਪੋਤੀਆਂ ਦੋਤੇ ਦੋਤੀਆਂ ਸ਼ਡ ਗਏ ਹਨ ਪ੍ਰਮਾਤਮਾ ਸਰਦਾਰ ਮਨੋਹਰ ਸਿੰਘ ਸਿੱਧੂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਆਪਣੇ ਭਾਣੇ ਵਿਚ ਰੱਖਣ ਸਰਦਾਰ ਮਨੋਹਰ ਸਿੰਘ ਸਿੱਧੂ ਦੇ ਅੰਤਿਮ ਸੰਸਕਾਰ ਐਤਵਾਰ ਫਰਵਰੀ 9 ਨੂੰ 2: 30 ਸ਼ਾਮ ਤੋਂ 4: 30 ਸ਼ਾਮ ਤਕ Brampton Crematorium 30 Bramwin court . Brampton ਵਿਖੇ ਕੀਤੇ ਜਾਣਗੇ ਅਤੇ ਅੰਤਿਮ ਅਰਦਾਸ ਵਿਖੇ 5 ਤੋਂ 7 ਵਜੇ ਕੀਤੀ ਜਾਵੇਗੀ

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ । ਮਲਕੀਤ ਸਿੰਘ ਦਿਓਲ ( ਜਵਾਈ) 416 419 5324

ਸੋਹਣ ਸਿੰਘ ਸਿੱਧੂ ( ਪੁੱਤਰ ) 416 722 6337, ਸਰਬਜੀਤ ਸਿੰਘ ਸਿੱਧੂ ( ਪੁੱਤਰ ) 416 917 8087

# ਭਾਰਤ ਦੇ ਲੋਕ ਹਿੰਦੂ ਰਾਸ਼ਟਰ ਦੇ ਮਨਸੂਬਿਆਂ ਨੂੰ ਸਾਕਾਰ ਨਹੀਂ ਹੋਣ ਦੇਣਗੇ : ਪਾਸਲਾ

ਸਰੀ, 6 ਫਰਵਰੀ (ਗਿਅਨ ਸਿੰਘ) : ਰੈਵੂਲੂਸ਼ਨਰੀ ਮਾਰਕਸਵਾਦੀ ਪਾਰਟੀ ਆਫ ਇੰਡੀਆ ਦੇ ਜਨਰਲ ਸਕੱਤਰ ਮੰਗਤ ਰਾਮ ਪਾਸਲਾ ਨੇ ਕਿਹਾ ਹੈ ਕਿ ਭਾਰਤ ਦੀ ਮੌਜੂਦਾ ਰਾਜਨੀਤਕ ਅਤੇ ਆਰਥਿਕ ਸਥਿਤੀ ਬਹੁਤ ਗੰਭੀਰ ਸੰਕਟ ਦਾ ਸ਼ਿਕਾਰ ਹੈ। ਮੋਦੀ ਸਰਕਾਰ ਦੇਸ਼ ਦੇ ਲੋਕਰਾਜੀ ਅਤੇ ਧਰਮ ਨਿਰਪੱਖਤਾ ਦੇ ਢਾਂਚੇ ਨੂੰ ਤਬਾਹ ਕਰਨ ਤੇ ਲੱਗੀ ਹੋਈ ਹੈ ਅਤੇ ਭਾਰਤ ਨੂੰ ਧਰਮ ਆਧਾਰਤ ਰਾਜ ਬਣਾਉਣਾ ਚਾਹੁੰਦੀ ਹੈ।

ਇੱਥੇ ਇਕ ਬੈਂਕੁਇਟ ਹਾਲ ਵਿਚ ਭਾਰਤ ਵਿਚਲੇ ਫਿਰਕੂ-ਫਾਸ਼ੀਵਾਦ ਉਪਰ ਹੋਈ ਵਿਚਾਰ ਚਰਚਾ ਵਿਚ ਬੋਲਦਿਆਂ ਉਨ੍ਹਾਂ ਕਿਹਾ ਕਿ ਦੇਸ਼ ਵਿਚ ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਔਰਤਾਂ ਅਤੇ ਅਗਾਂਹਵਧੂ ਲੋਕਾਂ ਉਪਰ ਹਮਲੇ ਕੀਤੇ ਜਾ ਰਹੇ ਹਨ। ਦੇਸ਼ ਦੀ ਆਰਥਿਕ ਹਾਲਤ ਤਬਾਹੀ ਦੇ ਕੰਢੇ ਤੇ ਹੈ। ਲੋਕਾਂ ਨੂੰ ਰੁਜ਼ਗਾਰ ਦੇਣ, ਵਿਦਿਆ ਪ੍ਰਦਾਨ ਕਰਨ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਲਈ ਸਰਕਾਰ ਕੋਲ ਕੋਈ ਨੀਤੀ ਨਹੀਂ। ਦੇਸ਼ ਵਿਚ ਬੇਕਾਰੀ ਵਧ ਰਹੀ ਹੈ, ਕਿਸਾਨ ਆਤਮ ਹੱਤਿਆਵਾਂ ਕਰ ਰਹੇ ਹਨ। ਦੇਸ਼ ਦੀ ਜੀ.ਡੀ.ਪੀ. ਪੰਜ ਪ੍ਰਤੀਸ਼ਤ ਰਹਿ ਗਈ ਹੈ। ਸ੍ਰੀ ਪਾਸਲਾ ਨੇ ਕਿਹਾ ਕਿ ਭਾਰਤ ਵਿਚ ਮੋਦੀ ਦੀ ਸਰਕਾਰ ਨਹੀਂ ਸਗੋਂ ਆਰ.ਐਸ. ਐਸ. ਦੀ ਸਰਕਾਰ ਹੈ ਅਤੇ ਆਰ.ਐਸ.ਐਸ. ਉਹ ਸੰਗਠਨ ਹੈ ਜੋ ਭਾਰਤ ਦੀ ਆਜ਼ਾਦੀ ਦੀ ਲਹਿਰ ਨੂੰ ਕਮਜ਼ੋਰ ਕਰਨ ਲਈ ਅੰਗਰੇਜ਼ੀ ਹਕੂਮਤ ਵੱਲੋਂ ਖੜ੍ਹਾ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਭਾਰਤ ਦਾ, ਦੇਸ਼ ਦੀਆਂ ਰਵਾਇਤਾਂ ਜਾਂ ਲੋਕਾਂ ਦਾ ਮਿੱਤਰ ਨਹੀਂ ਸਗੋਂ ਦੁਸ਼ਮਣੀ ਕਮਾ ਰਿਹਾ ਹੈ ਅਤੇ ਦੁਨੀਆਂ ਭਰ ਵਿਚ ਭਾਰਤ ਦਾ ਅਕਸ ਖਰਾਬ ਕਰ ਰਿਹਾ ਹੈ।

ਭਾਰਤ ਦੇ ਲੋਕਾਂ ਵਿਚ ਆਈ ਚੇਤਨਤਾ ਦੀ ਗੱਲ ਕਰਦਿਆਂ ਕਮਿਊਨਿਸਟ ਆਗੂ ਨੇ ਕਿਹਾ ਕਿ ਪਿਛਲੇ ਕੁਝ ਮਹੀਨਿਆਂ ਤੋਂ ਸਰਕਾਰ ਵਿਰੁੱਧ ਜੋ ਲੋਕ-ਰੋਹ ਫੈਲ ਰਿਹਾ ਹੈ, ਉਸ ਤੋਂ ਆਸ ਬੱਝਦੀ ਹੈ ਕਿ ਭਾਰਤ ਦੇ ਲੋਕ ਧਰਮ ਨਿਰਪੱਖਤਾ ਅਤੇ ਲੋਕਰਾਜ ਦੀ ਰਾਖੀ ਕਰਨਗੇ ਅਤੇ ਆਰ.ਐਸ.ਐਸ. ਦੇ ਹਿੰਦੂ ਰਾਸ਼ਟਰ ਦੇ ਮਨਸੂਬਿਆਂ ਨੂੰ ਸਾਕਾਰ ਨਹੀਂ ਹੋਣ ਦੇਣਗੇ।

ਇਸ ਵਿਚਾਰ ਚਰਚਾ ਵਿਚ ਜਸਵੀਰ ਦੋਸਾਂਝ, ਐਨ.ਡੀ.ਪੀ. ਦੀ ਐਮ.ਐਲ.ਏ. ਰਚਨਾ ਸਿੰਘ ਅਤੇ ਪ੍ਰਸਿੱਧ ਰੇਡੀਓ ਹੋਸਟ ਨਵਜੋਤ ਢਿੱਲੋਂ ਨੇ ਵਿਦੇਸ਼ਾਂ ਵਿਚ ਵਸਦੇ ਭਾਰਤੀਆਂ ਦੀ ਭਾਰਤ ਪ੍ਰਤੀ ਚਿੰਤਾ ਦਾ ਇਜ਼ਹਾਰ ਕੀਤਾ ਅਤੇ ਕਿਹਾ ਕਿ ਪਰਵਾਸੀ ਭਾਰਤੀ, ਦੇਸ਼ ਨੂੰ ਬਿਹਤਰ ਦਿਸ਼ਾ ਵੱਲ ਲਿਜਾਣ ਵਾਲੀਆਂ ਧਿਰਾਂ ਦੀ ਸਮੇਂ ਸਮੇਂ ਤੇ ਹਰ ਪੱਖੋਂ ਹਮਾਇਤ ਕਰਦੇ ਆਏ ਹਨ ਅਤੇ ਭਵਿੱਖ ਵਿਚ ਵੀ ਉਨ੍ਹਾਂ ਦੀ ਸਹਿਯੋਗ ਰਹੇਗਾ।


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com



We Provide services:
- Corporation Registration
- Corporation Tax Returns
- Personal Tax Retrurns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS

Kamaljeet Singh Saini CPA, CGA
Chartered Professional Accountants



Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741



ਬਰਾੜ ਗਰਾਜ ਡੋਰ



ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers




We Install Garage Door Openers

• ਕਾਲ ਕਰੋ: 416-357-4082 •



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7



Experienced, Established & Committed

Alliance Legal Services Professional Corporation



Legal Counsel: Jack Fireman, Q.C.



ਕੀ ਐਕਸੀਡੈਂਟ ਵਿਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

Gursharan (Bobby) Sidhu
President

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.

Team of Experienced Lawyers & Paralegals serving the community for more than 10 years.

Free Consultation


For Maximum Benefits, Big Settlement & Excellent Service, Call:

Tel: 416-918-9406, 905-696-7946 Toll Free: 1-877-254-2623
1450 Meyerside Dr., Suite #308, Mississauga, ON. L5T 2N5 Fax: 905-696-7953



KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657
69 Westmore Dr. #20 Etobicoke ON, M9V 3Y6



# ਸੰਪਾਦਕੀ

## ਔਰਤਾਂ ਦੇ ਗੁਪਤ ਦੀ ਖੰਡਨਾ- ਸਸਕੈਚਵਨ ਤੋਂ ਸਬਕ ਲੈਣ ਦੀ ਲੋੜ

ਜੇ ਕਿਸੇ ਵਿਅਕਤੀ ਦੇ ਹੋਠ ਦਾ ਇੱਕ ਹਿੱਸਾ ਕੱਟਿਆ ਹੋਵੇ ਤਾਂ ਉਸਨੂੰ ਖੜੂੰ ਆਖ ਦਿੱਤਾ ਜਾਂਦਾ ਹੈ ਭਾਵ ਉਸਦੇ ਹੋਂਠ ਦਾ ਇੱਕ ਹਿੱਸਾ ਖੰਡਿਤ ਹੈ। ਇਸ ਮਿਸਾਲ ਤੋਂ ਸਮਝ ਪੈ ਸਕਦੀ ਹੈ ਕਿ ਔਰਤਾਂ ਦੇ ਗੁਪਤ ਅੰਗਾਂ ਨੂੰ ਗਲਤ ਸੱਭਿਆਚਾਰਕ ਧਾਰਨਾਂ ਜਾਂ ਧਾਰਮਿਕ ਮੰਨਤਾਂ ਅਨੁਸਾਰ ਕੱਟ ਦੇਣ ਦੀ ਰਿਵਾਇਤ ਨੂੰ ਅੰਗਰੇਜ਼ੀ ਵਿੱਚ Female Genital Mutilation {FGM} (ਔਰਤ ਦੇ ਗੁਪਤ ਅੰਗਾਂ ਨੂੰ ਖੰਡਤ ਕਰਨਾ) ਆਖਿਆ ਜਾਂਦਾ ਹੈ। ਕੈਨੇਡਾ ਦੇ ਕ੍ਰਿਮੀਨਲ ਕੋਡ ਮੁਤਾਬਕ ਅਜਿਹਾ ਕਰਨਾ ਅਪਰਾਧ ਹੈ ਅਤੇ ਉਂਟੇਰੀਓ ਮਨੁੱਖੀ ਅਧਿਕਾਰ ਕਮਿਸ਼ਨ ਮੁਤਾਬਕ ਜੇ ਕੋਈ ਵਿਅਕਤੀ ਕਿਸੇ ਬੱਚੀ ਦੇ ਗੁਪਤ ਅੰਗਾਂ ਨੂੰ ਖੰਡਤ ਕਰਨ ਦਾ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸਨੂੰ ਕ੍ਰਿਮੀਨਲ ਕੋਡ ਦੀ ਧਾਰਾ 268 (3) ਦੇ ਤਹਿਤ 14 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਕਿਸੇ ਬੱਚੀ ਦੇ ਗੁਪਤ ਅੰਗਾਂ ਦੇ ਖੰਡਤ ਕੀਤੇ ਜਾਣ ਦੀ ਘਟਨਾ ਬਾਰੇ ਪਤਾ ਲੱਗਣ ਦੀ ਸੂਰਤ ਵਿੱਚ ਉਂਟੇਰੀਓ ਦੇ ਚਾਈਲਡ ਐਂਡ ਫੈਮਲੀ ਸਰਵਿਸਜ਼ ਐਕਟ ਅਤੇ ਕਾਲਜ ਆਫ਼ ਫਿਜ਼ੀਸ਼ੀਅਨਜ਼ ਐਂਡ ਸਰਜਨਜ਼ ਆਫ਼ ਉਂਟੇਰੀਓ ਦੀ ਪਾਲਸੀ ਤਹਿਤ ਪੁਲੀਸ ਨੂੰ ਰਿਪੋਰਟ ਕਰਨਾ ਹਰ ਨਾਗਰਿਕ ਦਾ ਫਰਜ਼ ਬਣਦਾ ਹੈ ਅਤੇ ਰਿਪੋਰਟ ਨਾ ਕਰਨ ਵਾਲੇ ਵਿਅਕਤੀ ਨੂੰ ਸਜ਼ਾ ਹੋ ਸਕਦੀ ਹੈ।

ਇਸ ਸਥਿਤੀ ਦੇ ਸਨਮੁਖ ਸਸਕੈਚਵਨ ਦੀ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ 6 ਫਰਵਰੀ ਨੂੰ ਹਰ ਸਾਲ International Day of Zero Tolerance for Female Genital Mutilation ਭਾਵ ਔਰਤਾਂ ਦੇ ਗੁਪਤ ਅੰਗਾਂ ਨੂੰ ਖੰਡਤ ਕਰਨ ਪ੍ਰਤੀ ਜ਼ੀਰੋ ਪ੍ਰਤੀਸ਼ਤ ਢਿੱਲ ਵਰਤਣ ਲਈ ਅੰਤਰਰਾਸ਼ਟਰੀ ਦਿਵਸ ਐਲਾਨਿਆ ਗਿਆ ਹੈ। ਇਸਦੀ ਲੋੜ ਬਾਰੇ End Female Genital Mutilation Network ਦਾ ਆਖਣਾ ਹੈ ਕਿ ਕੈਨੇਡਾ ਵਿੱਚ ਇਸ ਕੁਰੀਤੀ ਤੋਂ ਪੀੜਤ 1 ਲੱਖ ਤੋਂ ਵੱਧ ਔਰਤਾਂ/ਲੜਕੀਆਂ ਮੌਜੂਦ ਹਨ। ਵਰਨਣਯੋਗ ਹੈ ਕਿ ਰੱਬੀ ਸਿਧਾਂਤ ਮੰਨ ਕੇ ਇਹ ਅਪਰਾਧ ਜ਼ਿਆਦਾ ਕਰਕੇ 15 ਸਾਲ ਤੋਂ ਘੱਟ ਉਮਰ ਦੀਆਂ ਲੜਕੀਆਂ ਉੱਤੇ ਕੀਤਾ ਜਾਂਦਾ ਹੈ। ਯੂਨਾਈਟਡ ਨੇਸ਼ਨਜ਼ ਜਨਰਲ ਅਸੈਂਬਲੀ 2012 ਵਿੱਚ 6 ਫਰਵਰੀ ਨੂੰ FGM ਖਤਮ ਕਰਨ ਲਈ ਅੰਤਰਰਾਸ਼ਟਰੀ ਦਿਵਸ ਐਲਾਨ ਚੁੱਕੀ ਹੈ।

ਇਹ ਗੱਲ ਦਿਲਚਸਪ ਹੈ ਕਿ End Female Genital Mutilation Network ਦੀ ਸਥਾਪਨਾ 16 ਸਾਲਾ ਬੱਚੀ ਮਲਾਇਕਾ ਸੋਮਜੀ ਨੇ ਫਰਜ਼ਾਨਾ ਡਾਕਟਰ, ਕਲਾਰਾ ਹਿੱਲਮੈਨ ਅਤੇ ਜਿਸੈਲ ਪੋਰਟਨੀਏ ਦੇ ਸਹਿਯੋਗ ਨਾਲ ਕੀਤੀ ਸੀ। ਇਸ ਬੱਚੀ ਦਾ ਸੁਆਲ ਹੈ ਕਿ ਇਸ ਰਿਵਾਇਤ ਨੂੰ ਅਪਰਾਧ ਐਲਾਨੇ ਹੋਏ 22 ਸਾਲ ਤੋਂ ਵੱਧ ਸਮਾਂ ਗੁਜ਼ਰ ਚੁੱਕਾ ਹੈ ਪਰ ਹਾਲੇ ਤੱਕ ਕੈਨੇਡਾ ਵਿੱਚ ਕਿਸੇ ਦੋਸ਼ੀ ਉੱਤੇ ਇੱਕ ਵੀ ਕੇਸ ਵਿਰੁੱਧ ਦਰਜ਼ ਨਹੀਂ ਹੋਇਆ ਹੈ। ਕੀ ਮੰਨ ਲਿਆ ਜਾਵੇ ਕਿ ਕੈਨੇਡਾ ਵਿੱਚ ਇਹ ਬੁਰਾਈ ਹੈ ਹੀ ਨਹੀਂ ਅਤੇ ਇਸਦਾ ਮੁੱਦਾ ਉਠਾਉਣ ਵਾਲੇ ਬਿਨਾ ਤੱਥਾਂ ਤੋਂ ਝੰਡਾ ਚੁੱਕ ਘੁੰਮ ਰਹੇ ਹਨ? ਜਾਂ ਫੇਰ ਇਸ ਬੁਰਾਈ ਦੇ ਇਰਦ ਗਿਰਦ ਧਾਰਮਿਕ ਅਤੇ ਸੱਭਿਆਚਾਰਕ ਜਨੂੰਨੀਆਂ ਦੇ ਡਰ ਕਾਰਣ ਅਜਿਹਾ ਕੋਝਾ ਪਰਦਾ ਪਿਆ ਹੋਇਆ ਹੈ ਕਿ ਆਵਾਜ਼ ਚੁੱਕਣ ਦਾ ਕਿਸੇ ਵਿੱਚ ਹੀਆ ਨਹੀਂ ਪੈਂਦਾ?

ਸੋਚਣਾ ਇਹ ਵੀ ਬਣਦਾ ਹੈ ਕਿ ਉਂਟੇਰੀਓ ਸਰਕਾਰ ਨੇ 30 ਸਾਲ ਪਹਿਲਾਂ 1990 ਵਿੱਚ ਇਸ ਕੁਰੀਤੀ ਨੂੰ ਰੋਕਣ ਲਈ ਇੱਕ ਵਿਸ਼ੇਸ਼ ਟਾਸਕ ਫੋਰਸ ਕਿਉਂ ਕਾਇਮ ਕੀਤੀ ਸੀ? ਕ੍ਰਿਮੀਨਲ ਕੋਡ ਅਤੇ ਹੋਰ ਪ੍ਰੋਵਿੰਸ਼ੀਅਲ ਅਪਰਾਧਕ ਕਾਨੂੰਨਾਂ ਵਿੱਚ ਇਸਨੂੰ ਕਿਉਂ ਸ਼ਾਮਲ ਕੀਤਾ ਗਿਆ? ਇਹ ਮੰਨਣਾ ਕਿੰਨਾ ਕੁ ਔਖਾ ਹੈ ਕਿ ਦਾਲ ਵਿੱਚ ਕੁੱਝ ਨਾ ਕੁੱਝ ਕਾਲਾ ਜਰੂਰ ਹੈ? ਕੁੱਝ ਅਰਸਾ ਪਹਿਲਾਂ ਡਾਕਟਰਾਂ ਦੀ ਸੰਸਥਾ ਇੰਟਰਨੈਸ਼ਨਲ ਫੈਡਰੇਸ਼ਨ ਆਫ ਗਾਈਨਾਕੋਲੋਜੀ ਅਤੇ ਔਬਸਟੈਟਰਿਕਸ ਮੁਤਾਬਕ ਉਂਟੇਰੀਓ ਵਿੱਚ ਡਾਕਟਰਾਂ ਨੇ ਦੋ ਕੁ ਸਾਲ ਦੇ ਅਰਸੇ ਵਿੱਚ 300 ਤੋਂ ਵੱਧ ਲੜਕੀਆਂ ਦੇ ਗੁਪਤ ਅੰਗਾਂ ਨੂੰ ਦਰੁਸਤ ਕਰਨ ਲਈ ਸਰਜਰੀਆਂ ਕੀਤੀਆਂ ਸਨ।

ਟੋਰਾਂਟੋ ਏਰੀਆ ਵਿੱਚ ਸੋਮਾਲੀਆ ਅਤੇ ਨਾਈਜੀਰੀਆ ਤੋਂ ਆਉਣ ਵਾਲੇ 1 ਲੱਖ ਦੇ ਕਰੀਬ ਪਰਵਾਸੀ ਵੱਸਦੇ ਹਨ ਅਤੇ ਉਂਟੇਰੀਓ ਦੇ ਮਨੁੱਖੀ ਅਧਿਕਾਰ ਕਮਿਸ਼ਨ ਮੁਤਾਬਕ ਇਹਨਾਂ ਦੇਸ਼ਾਂ ਵਿੱਚ ਇਸ ਬੁਰਾਈ ਦਾ ਬਹੁਤ ਜ਼ਿਆਦਾ ਪ੍ਰਭਾਵ ਹੈ। ਕੈਨੇਡਾ ਦੇ ਰਿਫਿਊਜੀ ਬੋਰਡ ਅਜਿਹੀਆਂ ਕਿੰਨੀਆਂ ਔਰਤਾਂ ਨੂੰ ਰਿਫਿਊਜੀ ਦਰਜਾ ਦੇ ਚੁੱਕਾ ਹੈ ਜਿਹਨਾਂ ਨੂੰ ਖਤਰਾ ਸੀ ਕਿ ਵਾਪਸ ਭੇਜੇ ਜਾਣ ਦੀ ਸੂਰਤ ਵਿੱਚ ਉਹਨਾਂ ਦੀਆਂ ਬੱਚੀਆਂ ਦੇ ਗੁਪਤ ਅੰਗਾਂ ਨੂੰ ਖੰਡਤ ਕਰ ਦਿੱਤਾ ਜਾਵੇਗਾ। ਇਸ ਕੋੜੀ ਸਥਿਤੀ ਦੇ ਸਨਮੁਖ ਸਸਕੈਚਵਨ ਸਰਕਾਰ ਵੱਲੋਂ ਲਏ ਗਏ ਫੈਸਲੇ ਦਾ ਸੁਆਗਤ ਕੀਤਾ ਜਾਣਾ ਬਣਦਾ ਹੈ। ਨਾਲ ਹੀ ਔਰਤਾਂ ਦੇ ਹੱਕਾਂ ਪ੍ਰਤੀ ਲੋੜੋਂ ਵੱਧ ਜੋਸ਼ ਵਿਖਾਉਣ ਵਾਲੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਚਾਹੀਦਾ ਹੈ ਕਿ ਇਸ ਬੁਰਾਈ ਨੂੰ ਜੜੋਂ ਖਤਮ ਕਰਨ ਲਈ ਲੋੜੀਂਦੇ ਕਦਮ ਚੁੱਕਣ ਵਾਸਤੇ ਸਮੂਹ ਪ੍ਰੋਵਿੰਸਾਂ ਨਾਲ ਵਾਰਤਾਲਾਪ ਕਰਕੇ ਕੈਨੇਡਾ ਪੱਧਰ ਉੱਤੇ ਇੱਕ ਸਾਂਝੀ ਰਣਨੀਤੀ ਤਿਆਰ ਕੀਤੀ ਜਾਵੇ।

## ਕਾਂਸਟੇਬਲ ਪਤੀ ਨੇ ਪਤਨੀ ਦੇ ਵਾਲ ਕੱਟ ਕੇ ਅਤੇ ਮੂੰਹ ਕਾਲਾ ਕਰ ਕੇ ਪਿੰਡ ਵਿੱਚ ਘੁਮਾਇਆ

ਮੋਗਾ, 6 ਫਰਵਰੀ (ਪੋਸਟ ਬਿਊਰੋ)- ਸਿਪਾਹੀ ਦੀ ਪਤਨੀ ਨੇ ਕਰੀਬੀ ਰਿਸ਼ਤੇਦਾਰ ਲੜਕੀ ਨੂੰ ਸੌਂਕਣ ਬਣਾ ਕੇ ਘਰ ਵਿੱਚ ਲਿਆਉਣ ਦਾ ਵਿਰੋਧ ਕੀਤਾ ਤਾਂ ਸਿਪਾਹੀ ਪਤੀ ਨੇ ਪਤਨੀ ਨਾਲ ਜਾਨਵਰਾਂ ਵਰਗਾ ਸਲੂਕ ਸ਼ੁਰੂ ਕਰ ਦਿੱਤਾ। ਉਹ ਪਿਛਲੇ 13 ਸਾਲ ਤੋਂ ਏਦਾਂ ਕਰਦਾ ਰਿਹਾ। ਦੋ ਮਹੀਨੇ ਪਹਿਲਾਂ ਪਤੀ ਨੇ ਪਤਨੀ ਦਾ ਮੂੰਹ ਕਾਲਾ ਕੀਤਾ ਤੇ ਵਾਲ ਕੱਟ ਕੇ ਪਿੰਡ ਵਿੱਚ ਵੀ ਘੁਮਾਇਆ। ਇਸ 'ਤੇ ਥਾਣਾ ਸਦਰ ਪੁਲਸ ਨੇ ਦੋਸ਼ੀ ਸਿਪਾਹੀ ਦੇ ਖਿਲਾਫ ਕਾਰਵਾਈ ਦੀ ਥਾਂ ਸਮਝੌਤਾ ਕਰਵਾ ਦਿੱਤਾ। ਪੀੜਤਾ ਮੰਗਲਵਾਰ ਨੂੰ ਐੱਸ ਐੱਸ ਪੀ ਅਮਰਜੀਤ ਸਿੰਘ ਬਾਜਵਾ ਨੂੰ ਮਿਲਣ ਪਹੁੰਚੀ। ਇਸ ਉਤੇ ਐੱਸ ਐੱਸ ਪੀ ਨੇ ਜਾਂਚ ਡੀ ਐੱਸ ਪੀ (ਸਿਟੀ) ਨੂੰ ਸੌਂਪ ਦਿੱਤੀ ਹੈ।

ਪਿੰਡ ਝੰਡੇਆਣਾ ਗਰਬੀ ਦੀ ਜਸਵੀਰ ਕੌਰ ਨੇ ਦੱਸਿਆ ਕਿ ਉਸ ਦਾ ਵਿਆਹ 15 ਸਾਲ ਪਹਿਲਾਂ ਕਾਂਸਟੇਬਲ ਇੰਦਰਜੀਤ ਸਿੰਘ ਨਾਲ ਹੋਇਆ ਸੀ। ਦੋ ਸਾਲ ਸਭ ਠੀਕ ਰਿਹਾ। ਫਿਰ ਪਤੀ ਦੇ ਜ਼ੁਲਮ ਸ਼ੁਰੂ ਹੋ ਗਏ ਤੇ ਉਹ ਸਹਿੰਦੀ ਰਹੀ। ਉਸ ਨੇ ਦੋਸ਼ ਲਾਇਆ ਕਿ ਪਤੀ ਦੇ ਕਰੀਬੀ ਰਿਸ਼ਤੇਦਾਰ ਲੜਕੀ ਨਾਲ ਸੰਬੰਧ ਹਨ। ਲੜਕੀ ਦੀ ਤਿੰਨ ਵਾਰ ਮੰਗਣੀ ਵੀ ਹੋਈ ਤਾਂ ਪਤੀ ਨੇ ਤੁੜਵਾ ਦਿੱਤੀ। ਉਹ ਖੁਦ ਉਸ ਨਾਲ ਵਿਆਹ ਕਰਨਾ ਚਾਹੁੰਦਾ ਹੈ। ਵਿਆਹ ਦਾ ਵਿਰੋਧ ਕਰਨ 'ਤੇ ਪਤੀ ਪਿਛਲੇ 13 ਸਾਲ ਤੋਂ ਉਸ 'ਤੇ ਜ਼ੁਲਮ ਕਰ ਰਿਹਾ ਹੈ। ਜਸਵੀਰ ਨੇ ਦੱਸਿਆ ਕਿ ਜ਼ੁਲਮਾਂ ਤੋਂ ਦੁਖੀ ਹੋ ਕੇ 26 ਦਸੰਬਰ 2014 ਨੂੰ ਪਤੀ ਦੇ ਖਿਲਾਫ ਕੇਸ ਦਰਜ ਕਰਾਇਆ, ਪਰ ਕਾਂਸਟੇਬਲ ਪਤੀ ਨੇ ਮਾਮਲਾ ਰਫਾ ਦਫਾ ਕਰਵਾ ਦਿੱਤਾ। ਪਿਛਲੇ ਸਾਲ 29 ਨਵੰਬਰ ਨੂੰ ਪਤੀ ਨੇ ਉਸ ਦੇ ਵਾਲ ਕੱਟ ਕੇ ਅਤੇ ਮੂੰਹ ਕਾਲਾ ਕਰ ਕੇ ਪਿੰਡ ਵਿੱਚ ਘੁਮਾਇਆ। ਪਿੰਡ ਦੇ ਕੁਝ ਲੋਕਾਂ ਨੇ ਵੀ ਪਤੀ ਦਾ ਸਾਥ ਦਿੱਤਾ। ਕੁਝ ਲੋਕਾਂ ਨੇ ਇਸ ਦੀ ਵੀਡੀਓ ਵੀ ਬਣਾਈ। ਮਾਮਲਾ ਥਾਣਾ ਸਦਰ ਪਹੁੰਚਿਆ ਤਾਂ ਪਿੰਡ ਦੇ ਇੱਕ ਵਿਅਕਤੀ ਕਾਕਾ ਨੇ ਸਮਝੌਤਾ ਕਰਵਾ ਕੇ ਗੱਲ ਦਬਾ ਦਿੱਤੀ। ਇਸ ਦੇ ਬਾਅਦ ਪਤੀ ਦਾ ਜ਼ੁਲਮ ਹੋਰ ਵਧ ਗਿਆ। ਬੱਚੇ ਸਕੂਲ ਚਲੇ ਜਾਂਦੇ ਤਾਂ ਪਤੀ ਉਸ ਨੂੰ ਕਮਰੇ ਵਿੱਚ ਬੰਦ ਕਰ ਦਿੰਦਾ ਸੀ। 23 ਜਨਵਰੀ ਨੂੰ ਬੱਚਿਆਂ ਦੀ ਸ਼ਿਕਾਇਤ 'ਤੇ ਪੁਲਸ ਨੇ ਉਸ ਨੂੰ ਮੁਕਤ ਕਰਾਇਆ ਅਤੇ ਪਤੀ ਦੇ ਖਿਲਾਫ ਕੇਸ ਦਰਜ ਕੀਤਾ। ਪਤੀ ਨੂੰ ਪੁਲਸ ਵਿਭਾਗ ਨੇ ਸਸਪੈਂਡ ਕਰ ਦਿੱਤਾ ਹੈ ਅਤੇ ਰਿਸ਼ਤੇਦਾਰ ਸਮਝੌਤੇ ਲਈ ਲਗਾਤਾਰ ਧਮਕਾ ਦੇ ਰਹੇ ਹਨ।

ਜਸਵੀਰ ਕੌਰ ਦੇ ਨਾਲ ਪਹੁੰਚੀ ਬੇਟੀ ਮਨਦੀਪ ਕੌਰ ਨੇ ਦੱਸਿਆ ਕਿ ਉਸ ਦੇ ਪਿਤਾ ਬੇਵਜ੍ਹਾ ਮਾਂ ਦੇ ਨਾਲ ਕੁੱਟਮਾਰ ਕਰਦੇ ਹਨ। ਇਸ ਕਾਰਨ ਉਸ ਦਾ ਅਤੇ ਦਸਵੀਂ ਕਲਾਸ ਵਿੱਚ ਪੜ੍ਹ ਰਹੇ ਭਰਾ ਕੁਲਦੀਪ ਦਾ ਭਵਿੱਖ ਖਰਾਬ ਹੋ ਰਿਹਾ ਹੈ।

## ਡੇਰਾ ਮੁਖੀ ਕਿਤੇ ਸ਼ਿਫਟ ਨਹੀਂ ਕੀਤਾ ਜਾਵੇਗਾ: ਰਣਜੀਤ ਚੌਟਾਲਾ

ਹਿਸਾਰ, 6 ਫਰਵਰੀ (ਪੋਸਟ ਬਿਊਰੋ)- ਹਰਿਆਣਾ ਦੇ ਊਰਜਾ ਅਤੇ ਜੇਲ੍ਹ ਮੰਤਰੀ ਰਣਜੀਤ ਚੌਟਾਲਾ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਦੀ ਸੁਰੱਖਿਆ ਬਾਰੇ ਦਿੱਤੇ ਬਿਆਨ ਤੋਂ ਪਲਟਦੇ ਹੋਏ ਕਿਹਾ ਕਿ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਪੂਰੀ ਸੁਰੱਖਿਆ ਹੈ। ਡੇਰਾ ਮੁਖੀ ਨੂੰ ਕਿਤੇ ਸ਼ਿਫਟ ਨਹੀਂ ਕੀਤਾ ਜਾਵੇਗਾ।

ਊਰਜਾ ਮੰਤਰੀ ਨੇ ਹਿਸਾਰ ਵਿੱਚ ਖੁੱਲ੍ਹਾ ਦਰਬਾਰ ਲਾਉਣ ਦੇ ਬਾਅਦ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਹਰਿਆਣਾ ਦੀਆਂ ਸਾਰੀਆਂ ਜੇਲ੍ਹਾਂ ਵਿੱਚ ਪੂਰੀ ਸੁਰੱਖਿਆ ਹੈ। ਵਰਨਣ ਯੋਗ ਹੈ ਕਿ ਸੁਰੱਖਿਆ ਕਾਰਨਾਂ ਕਰ ਕੇ ਡੇਰਾ ਮੁਖੀ ਨੂੰ ਵੱਖਰੀ ਜੇਲ੍ਹ ਵਿੱਚ ਰੱਖਿਆ ਗਿਆ ਹੈ। ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਵੱਲੋਂ ਖੱਟੜ ਸਰਕਾਰ ਦੇ ਸਰਕਾਰੀ ਵਿਭਾਗਾਂ ਵਿੱਚ ਕੰਮਕਾਜ 'ਤੇ ਉਠਾਏ ਸਵਾਲ 'ਤੇ ਉਨ੍ਹਾਂ ਕਿਹਾ ਕਿ ਇਹ ਹੁੱਡਾ ਦੀ ਸੋਚ ਹੈ। ਤਿੰਨ ਮਹੀਨਿਆਂ ਦੌਰਾਨ ਸਰਕਾਰੀ ਵਿਭਾਗਾਂ ਵਿੱਚ ਕਾਫੀ ਤਬਦੀਲੀ ਆ ਗਈ ਹੈ। ਐੱਸ ਵਾਈ ਐੱਲ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਇਹ ਮਾਮਲਾ ਸੁਪਰੀਮ ਕੋਰਟ ਵਿੱਚ ਹੈ। ਉਂਝ ਪੰਜਾਬ ਨੇ ਜੋ ਕੀਤਾ ਹੈ, ਉਹ ਨਹੀਂ ਕਰਨਾ ਚਾਹੀਦਾ ਸੀ।




## ਸਸਕੈਚਵਨ ਨੇੜੇ ਕੱਚਾ ਤੇਲ ਲਿਜਾ ਰਹੀ ਰੇਲਗੱਡੀ ਲੀਹ ਤੋਂ ਲੱਥੀ

...ਪੰਨਾ 1 ਦਾ ਬਾਕੀ

ਇਲਾਕੇ ਦੇ ਐਮਪੀ ਟੌਮ ਲੁਕੀਵਸਕੀ ਨੇ ਆਖਿਆ ਕਿ ਉਹ ਇਹ ਸੁਣ ਕੇ ਸਦਮੇ ਵਿੱਚ ਹਨ ਕਿ ਇਸੇ ਹਿੱਸੇ ਵਿੱਚ ਦੋ ਮਹੀਨੇ ਦੇ ਅੰਦਰ ਅੰਦਰ ਦੂਜੀ ਵਾਰੀ ਗੱਡੀ ਲੀਹ ਤੋਂ ਲੱਥੀ ਹੈ। ਇਸ ਤੋਂ ਪਹਿਲਾ 9 ਦਸੰਬਰ ਨੂੰ ਇੱਥੋਂ 10 ਕਿਲੋਮੀਟਰ ਪੱਛਮ ਵੱਲ ਇੱਕ ਹੋਰ ਸੀਪੀ ਰੇਲਗੱਡੀ ਦੀਆਂ 19 ਬੋਗੀਆਂ ਲੀਹ ਤੋਂ ਲੱਥ ਗਈਆਂ ਸਨ, ਜਿਸ ਕਾਰਨ 1.5 ਮਿਲੀਅਨ ਲੀਟਰ ਤੇਲ ਲੀਕ ਹੋ ਗਿਆ ਸੀ ਤੇ ਵੱਡਾ ਧਮਾਕਾ ਵੀ ਹੋਇਆ ਸੀ। ਟਰਾਂਸਪੋਰਟ ਮੰਤਰੀ ਮਾਰਕ ਗਾਰਨਿਊ ਨੇ ਆਖਿਆ ਕਿ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਲਈ ਜਾਂਚ ਚੱਲ ਰਹੀ ਹੈ। ਟਰਾਂਸਪੋਰਟ ਸੇਫਟੀ ਬੋਰਡ ਦੇ ਜਾਂਚਕਾਰ ਵੀ ਮੌਕੇ ਦਾ ਮੁਆਇਨਾ ਕਰਨ ਲਈ ਉੱਥੇ ਜਾ ਰਹੇ ਹਨ। ਸੀਪੀਰੇਲ ਨੇ ਆਖਿਆ ਕਿ ਨਵੀਂ ਸਪੀਡ ਲਿਮਿਟ ਦਾ ਅਸੀਂ ਸਮਰਥਨ ਕਰਦੇ ਹਾਂ।

## ਯੂਐਸਐਮਸੀਏ ਦੇ ਜਸ਼ਨਾਂ ਲਈ ਇਸ ਵੀਕੈਂਡ ਵਾਸ਼ਿੰਗਟਨ ਜਾਣਗੇ ਪ੍ਰੀਮੀਅਰਜ਼



ਵਾਸ਼ਿੰਗਟਨ, 6 ਫਰਵਰੀ (ਪੋਸਟ ਬਿਊਰੋ) : ਆਪਣੇ ਹਮਰੁਤਬਾ ਅਮਰੀਕੀ ਅਧਿਕਾਰੀਆਂ ਨਾਲ ਕਾਰੋਬਾਰੀ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਪ੍ਰੀਮੀਅਰਜ਼ ਦਾ ਇੱਕ ਵਫਦ ਇਸ ਵੀਕੈਂਡ ਵਾਸ਼ਿੰਗਟਨ ਦਾ ਦੌਰਾ ਕਰੇਗਾ।

ਸਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਅ, ਜੋ ਕਿ ਕਾਉਂਸਲ ਆਫ ਦ ਫੈਡਰੇਸ਼ਨ ਦੇ ਇਸ ਸਾਲ ਚੇਅਰਮੈਨ ਹਨ, ਪ੍ਰੋਵਿੰਸ਼ੀਅਲ ਆਗੂਆਂ ਦੇ ਇੱਕ ਗਰੁੱਪ ਦੀ ਅਗਵਾਈ ਕਰਨਗੇ ਜਿਨ੍ਹਾਂ ਵਿਚ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ, ਅਲਬਰਟਾ ਦੇ ਪ੍ਰੀਮੀਅਰ ਜੇਸਨ ਕੇਨੀ, ਕਿਊਬਿਕ ਦੇ ਫਰੈਂਕੋਇਸ ਲੀਗਾਲਟ ਤੇ ਨਿਊ ਬਰੰਜ਼ਵਿਕ ਦੇ ਪ੍ਰੀਮੀਅਰ ਬਲੇਨ ਹਿਗਜ਼ ਸ਼ਾਮਲ ਹਨ।

ਇਹ ਪ੍ਰੀਮੀਅਰ ਨੈਸ਼ਨਲ ਗਵਰਨਰਜ਼ ਐਸੋਸਿਏਸ਼ਨ ਦੀ ਸਰਦ ਰੁੱਤ ਦੀ ਮੀਟਿੰਗ ਵਿੱਚ ਹਿੱਸਾ ਲੈਣਗੇ। ਇਹ ਤਿੰਨ ਰੋਜ਼ਾ ਇਕੱਠ ਹੈ ਜਿਹੜਾ ਸ਼ੁੱਕਰਵਾਰ ਤੋਂ ਸ਼ੁਰੂ ਹੋਣ ਜਾ ਰਿਹਾ ਹੈ। ਇੱਥੇ ਮੈਰੀਲੈਂਡ ਗਵਰਨਰ, ਜੋ ਕਿ ਇਸ ਸਾਲ ਐਸੋਸਿਏਸ਼ਨ ਦੇ ਚੇਅਰਮੈਨ ਹਨ, ਲੈਰੀ ਹੋਗਨ "ਇਨਫਰਾਸਟ੍ਰਕਚਰ : ਫਾਊਂਡੇਸ਼ਨ ਫੌਰ ਸਕਸੈੱਸ" ਸਬੰਧੀ ਪਹਿਲਕਦਮੀ ਬਾਰੇ ਚਾਨਣਾ ਪਾਊਣਗੇ। ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਵੀ ਇਸ ਕਾਨਫਰੰਸ ਦੌਰਾਨ ਅਮਰੀਕੀ ਅਧਿਕਾਰੀਆਂ ਨਾਲ ਮੀਟਿੰਗਾਂ ਕਰਨ ਲਈ ਉੱਥੇ ਹੋਵੇਗੀ। ਇਸ ਗਰੁੱਪ ਦਾ ਅਸਲ ਮਿਸ਼ਨ ਯੂਐਸ-ਮੈਕਸਿਕੋ-ਕੈਨੇਡਾ ਸਮਝੌਤੇ ਲਈ ਕੈਨੇਡਾ ਵੱਲੋਂ ਸ਼ੁਕਰੀਆ ਅਦਾ ਕਰਨਾ ਹੈ। ਇਹ ਨਵੀਂ ਨੌਰਥ ਅਮੈਰੀਕਨ ਟਰੇਡ ਡੀਲ ਹੈ ਜਿਸ ਉੱਤੇ ਰਾਸ਼ਟਰਪਤੀ ਡੌਨਲਡ ਟਰੰਪ ਨੇ ਪਿਛਲੇ ਹਫਤੇ ਸਹੀ ਪਾਈ ਸੀ। ਅਜੇ ਕੈਨੇਡਾ ਵਿੱਚ ਹਾਊਸ ਆਫ ਕਾਮਨਜ਼ ਵਿੱਚ ਇਸ ਦੀ ਪੁਸ਼ਟੀ ਹੋਣੀ ਬਾਕੀ ਹੈ।

## ਜਾਪਾਨ ਦੇ ਤੱਟ ਉੱਤੇ ਖੜ੍ਹੇ ਬੇੜੇ ਵਿੱਚ ਸਵਾਰ ਦੋ ਕੈਨੇਡੀਅਨ ਕੋਰੋਨਾਵਾਇਰਸ ਦੀ ਚਪੇਟ ਵਿੱਚ

...ਪੰਨਾ 1 ਦਾ ਬਾਕੀ

ਇਹ ਵੀ ਆਖਿਆ ਗਿਆ ਹੈ ਕਿ ਅਸੀਂ ਜਾਪਾਨ ਦੇ ਸਿਹਤ ਮੰਤਰਾਲੇ ਨਾਲ ਰਲ ਕੇ ਕੰਮ ਕਰ ਰਹੇ ਹਾਂ। ਇਸ ਦੇ ਨਾਲ ਹੀ ਅਸੀਂ ਆਪਣੇ ਮਹਿਮਾਨਾਂ ਦੇ ਆਰਾਮ ਦਾ ਵੀ ਪੂਰਾ ਖਿਆਲ ਰੱਖ ਰਹੇ ਹਾਂ। ਤਾਜ਼ਾ ਕੇਸਾਂ ਵਿੱਚ ਦੋ ਕੈਨੇਡੀਅਨ, ਚਾਰ ਜਾਪਾਨੀ, ਦੋ ਅਮਰੀਕੀ, ਇਕ ਨਿਊਜ਼ੀਲੈਂਡ ਵਾਸੀ ਤੇ ਇਕ ਤਾਇਵਾਨੀ ਨਾਗਰਿਕ ਸ਼ਾਮਲ ਹਨ।

ਪ੍ਰਿੰਸੈਸ ਕਰੂਜ਼ਿਜ਼ ਨੇ ਬੁੱਧਵਾਰ ਨੂੰ ਪਾਜ਼ੀਟਿਵ ਪਾਏ ਮਾਮਲਿਆਂ ਵਿੱਚ ਦੱਸਿਆ ਕਿ ਉਨ੍ਹਾਂ ਵਿਚ ਦੋ ਆਸਟਰੇਲੀਆਈ, ਤਿੰਨ ਲੋਕ ਜਾਪਾਨ ਤੋਂ, ਤਿੰਨ ਹਾਂਗਕਾਂਗ ਤੋਂ ਤੇ ਇਕ ਅਮਰੀਕਾ ਦੇ ਨਾਲ ਨਾਲ ਇਕ ਫਿਲੀਪਨਜ ਦਾ ਹੈ। ਵਾਇਰਸ ਤੋਂ ਗ੍ਰਸਤ 20 ਯਾਤਰੀਆਂ ਨੂੰ ਟੋਕੀਓ ਦੇ ਬਾਹਰ ਪੋਰਟ ਸਿਟੀ ਯੋਕੋਹਾਮਾ ਦੇ ਹਸਪਤਾਲ ਵਿਚ ਭੇਜਿਆ ਗਿਆ ਹੈ।

## ਨਵੇਂ ਨਾਫਟਾ ਇਮਪਲੀਮੈਂਟੇਸ਼ਨ ਬਿੱਲ ਨੇ ਪਾਰ ਕੀਤਾ ਪਹਿਲਾ ਪੜਾਅ

...ਪੰਨਾ 1 ਦਾ ਬਾਕੀ

ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਇੱਕ ਹਫਤੇ ਪਹਿਲਾਂ ਇਹ ਬਿੱਲ ਪੇਸ਼ ਕੀਤਾ ਗਿਆ ਸੀ ਤੇ ਐਮਪੀਜ਼ ਨੇ ਲੱਗਭਗ ਰੋਜ਼ਾਨਾ ਇਸ ਬਿੱਲ ਉੱਤੇ ਬਹਿਸ ਕੀਤੀ ਤੇ ਹੁਣ ਇਹ ਦੂਜੇ ਪੜਾਅ ਤੱਕ ਪਹੁੰਚ ਗਿਆ ਹੈ। ਹੁਣ ਇਸ ਬਿੱਲ ਨੂੰ ਅਗਲੇਰੇ ਅਧਿਐਨ ਲਈ ਹਾਊਸ ਦੀ ਇੰਟਰਨੈਸ਼ਨਲ ਟਰੇਡ ਕਮੇਟੀ ਕੋਲ ਭੇਜਿਆ ਗਿਆ ਹੈ। ਕਮੇਟੀ ਵੀ ਪਹਿਲਾਂ ਹੀ ਇਸ ਪਾਸੇ ਕੰਮ ਸ਼ੁਰੂ ਕਰ ਦਿੱਤਾ ਹੈ ਤੇ ਇਸ ਤਿਪੱਖੀ ਟਰੇਡ ਡੀਲ ਦੇ ਸਬੰਧ ਵਿੱਚ ਸਟੇਕਹੋਲਡਰਜ਼ ਦਾ ਪੱਖ ਸੁਣਿਆ ਜਾ ਰਿਹਾ ਹੈ ਤੇ ਆਨਲਾਈਨ ਸਬਮਿਸ਼ਨਜ਼ ਵੀ ਸਵੀਕਾਰੇ ਜਾ ਰਹੇ ਹਨ।

ਕਮੇਟੀ ਦੀ ਚੇਅਰ ਲਿਬਰਲ ਐਮਪੀ ਜੂਡੀ ਸਗਰੋ ਨੇ ਆਖਿਆ ਕਿ ਕੈਨੇਡਾ ਵਪਾਰ ਕਰਨ ਵਾਲਾ ਦੇਸ਼ ਹੈ ਤੇ ਕਮੇਟੀ ਤੇ ਦੇਸ਼ ਵਜੋਂ ਟਰੇਡ ਸਾਡੇ ਲਈ ਖਾਸ ਦਿਲਚਸਪੀ ਵਾਲਾ ਮੁੱਦਾ ਹੈ। ਕਮੇਟੀ ਵਾਲਾ ਪੜਾਅ ਪਾਰ ਕਰ ਲੈਣ ਤੋਂ ਬਾਅਦ ਬਿੱਲ ਨੂੰ ਇੱਕ ਵਾਰੀ ਫਿਰ ਹਾਊਸ ਆਫ ਕਾਮਨਜ਼ ਵਿੱਚ ਬਹਿਸ ਲਈ ਲਿਆਂਦਾ ਜਾਵੇਗਾ ਤੇ ਮੁੜ ਇਸ ਉੱਤੇ ਵੋਟ ਪਾਈ ਜਾਵੇਗੀ ਤੇ ਫਿਰ ਇਹ ਅਗਲੇ ਪੜਾਅ ਲਈ ਸੈਨੇਟ ਨੂੰ ਭੇਜ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਇਸ ਤਿਪੱਖੀ ਸਮਝੌਤੇ ਵਿੱਚ ਕੈਨੇਡਾ ਹੀ ਅਜਿਹਾ ਦੇਸ਼ ਬਚਿਆ ਹੈ ਜਿੱਥੇ ਇਸ ਡੀਲ ਦੀ ਪੁਸ਼ਟੀ ਅਜੇ ਨਹੀਂ ਹੋ ਸਕੀ ਹੈ।

## ਗੁਜਰਾਤ ਵਿੱਚ 30 ਸਾਲ ਬਾਅਦ ਕਿਸੇ ਨੂੰ ਫਾਂਸੀ ਦਿੱਤੀ ਜਾਵੇਗੀ

ਅਹਿਮਦਾਬਾਦ, 6 ਫਰਵਰੀ (ਪੋਸਟ ਬਿਊਰੋ)- ਨਿਰਭੈਆ ਕਾਂਡ ਦੇ ਗੁਨਾਹਗਾਰਾਂ ਦੀ ਫਾਂਸੀ ਕਾਨੂੰਨੀ ਦਾਅਪੇਚ 'ਚ ਉਲਝੀ ਹੋਈ ਹੈ, ਪਰ ਸੂਰਤ ਦੀ ਤਿੰਨ ਸਾਲਾ ਮਾਸੂਮ ਦੇ ਗੁਨਹਾਗਾਰ ਅਨਿਲ ਯਾਦਵ ਨੂੰ ਫਾਂਸੀ ਦੇਣ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ ਹਨ। ਇਸ ਸੂਬੇ ਵਿੱਚ 30 ਸਾਲ ਬਾਅਦ ਕਿਸੇ ਗੁਨਾਹਗਾਰ ਨੂੰ ਫਾਂਸੀ ਦਿੱਤੀ ਜਾਵੇਗੀ। ਜੱਲਾਦ ਲਈ ਦਿੱਲੀ ਦੇ ਤਿਹਾੜ ਤੇ ਮਹਾਰਾਸ਼ਟਰ ਦੇ ਯਰਵਦਾ ਜੇਲ੍ਹ ਪ੍ਰਸ਼ਾਸਨ ਨਾਲ ਸੰਪਰਕ ਕੀਤਾ ਗਿਆ ਹੈ।

ਗੁਜਰਾਤ ਦੇ ਡੀ ਜੀ ਪੀ ਸ਼ਿਵਾਨੰਦ ਝਾਅ ਨੇ ਅਹਿਮਦਾਬਾਦ ਦੀ ਸਾਬਰਮਤੀ ਸੈਂਟਰਲ ਜੇਲ੍ਹ ਪਹੁੰਚ ਕੇ ਮਹਾਤਮਾ ਗਾਂਧੀ ਅਤੇ ਸਰਦਾਰ ਪਟੇਲ ਦੇ ਨਾਂ 'ਤੇ ਬਣੀ ਕੋਠਰੀ ਨਾਲ ਜੁੜਵੇਂ ਫਾਂਸੀ ਘਰ ਦਾ ਜਾਇਜ਼ ਲਿਆ। ਕਰੀਬ ਪੰਜ ਦਹਾਕੇ ਤੋਂ ਵੱਧ ਸਮੇਂ ਤੋਂ ਖਾਲੀ ਪਏ ਇਸ ਫਾਂਸੀ ਘਰ ਦੇ ਰੰਗ ਰੋਗਨ ਤੇ ਮੁਰੰਮਤ ਲਈ ਹਾਊਸਿੰਗ ਬੋਰਡ ਦੀ ਮਦਦ ਲਈ ਜਾ ਰਹੀ ਹੈ। ਇਸ ਜੇਲ੍ਹ 'ਚ ਆਖਰੀ ਵਾਰ ਸਾਲ 1962 'ਚ ਅਤੇ ਰਾਜਕੋਟ ਜੇਲ੍ਹ 'ਚ ਸਤੰਬਰ 1989 'ਚ ਸ਼ਸ਼ੀਕਾਂਤ ਮਾਲੀ ਨੂੰ ਆਖਰੀ ਵਾਰੀ ਫਾਂਸੀ ਦਿੱਤੀ ਗਈ ਸੀ। ਗੁਜਰਾਤ 'ਚ ਫਾਂਸੀ ਦਾ ਇਹ ਅੱਠਵਾਂ ਮਾਮਲਾ ਹੋਵੇਗਾ। ਪਹਿਲੀ ਵਾਰੀ ਦਾਰਾਜੀ ਰਾਦਪੀਆ ਨੂੰ ਮਈ 1953 ਵਿੱਚ ਤੇ ਇਸ ਦੇ ਅਗਲੇ ਮਹੀਨੇ ਜੂਨ 'ਚ ਵਡੋਦਰਾ 'ਚ ਮਾਲਾ ਕੋਂਦਰ ਨੂੰ ਫਾਂਸੀ ਹੋਈ ਸੀ।




ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



In The Loving Memory of

**Late.Sardar Kartar Singh Bedi**

With profound grief and sorrow we inform sad demise of Our Father Late. Sardar Kartar Singh Bedi on February 2nd, 2020.

Visitation : February 7, 2020 6:00 PM - 8:00 PM
Funeral Service : Saturday, February 8, 2020 7:30 AM - 9:30 AM
Cremation : Saturday, February 8, 2020 9:30 AM
at 30 Bramwin Court, Brampton, Ontario, L6T 5G2
Telephone : 905-458-2222

Antim Ardaas (Bhog) : Saturday February 8, 2020 10:30 AM - 12:30 PM
Gurdwara : Nanaksar Thath Isher Darbar,
9954 The Gore Rd
Brampton, Ontario
L6P 0A7
(905) 915-2597

From : Manjit Singh Bedi (Son) & Randhir Singh Bedi (Son)
Cont : 647-449-7946, 416-400-8436












# ਕੋਈ ਗਾ ਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ ਨਹੀਂ ਹਰਿ ਹਰਿ ਭੀਜੈ ਰਾਮ ਰਾਜੇ॥



ਕਰਨੈਲ ਸਿੰਘ ਟੋਰਾਂਟੋ
416-746-7642

ਕੋਈ ਗਾ ਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ ਨਹੀਂ ਹਰਿ ਹਰਿ ਭੀਜੈ ਰਾਮ ਰਾਜੇ॥
ਆਸਾ ਮਹਲਾ ੪॥ (ਪੰਨਾ ੪੫੦)

ਅਰਥ: ਕੋਈ ਪੁਰਸ਼ ਰਾਗਾਂ ਦੁਆਰਾ, ਕੋਈ ਨਾਦੀ = ਵਾਜਿਆ ਦੁਆਰਾ, ਕੋਈ ਬੇਦੀ = ਵੇਦਾਂ ਦੁਆਰਾ ਬਹੁਤ ਹੀ ਪ੍ਰਕਾਰ ਦੇ ਨਾਲ ਹਰੀ ਜਸੁ ਨੂੰ ਗਾਉਂਦਾ ਹੈ, ਪਰ ਇਸ ਤਰ੍ਹਾਂ ਕਰਨ ਨਾਲ ਹਰੀ ਰਾਮ ਰਾਜਾ ਭਿਜਦਾ ਨਹੀਂ ਭਾਵ ਖੁਸ਼ ਨਹੀਂ ਹੁੰਦਾ।

ਯਥਾ: ਪੂਜਾ ਵਰਤ ਤਿਲਕ ਇਸਨਾਨਾ ਪੁੰਨ ਦਾਨ ਬਹੁ ਦੈਨ॥
ਕਹੂੰ ਨ ਭੀਜੈ ਸੰਜਮ ਸੁਆਮੀ ਬੋਲਹਿ ਮੀਠੇ ਬੈਨ॥

(ਪੰਨਾ ੬੭੪)

ਬਿਲਾਵਲੁ ਮਹਲਾ ੫॥
ਤਥਾ: ਮੇਰੇ ਮੋਹਨ ਸ੍ਰਵਨੀ ਇਹ ਨ ਸੁਨਾਇ॥
ਸਾਕਤਿ ਗੀਤ ਨਾਦੁ ਧੁਨਿ ਗਾਵਤ ਬੋਲਤ ਬੋਲ ਅਜਾਏ॥
(ਪੰਨਾ ੮੨੦)
ਤਥਾ = ਨ ਭੀਜੈ ਰਾਗੀ ਨਾਦੀ ਬੇਦਿ॥ ਨ ਭੀਜੈ ਸੁਰਤੀ ਗਿਆਨੀ ਜੋਗਿ॥
ਨ ਭੀਜੈ ਸੋਗੀ ਕੀਤੈ ਰੋਜਿ॥ ਨ ਭੀਜੈ ਰੂਪੀਂ ਮਾਲੀਂ ਰੰਗਿ॥
ਨ ਭੀਜੈ ਤੀਰਥਿ ਭਵੀਐ ਨੰਗਿ॥ ਨ ਭੀਜੈ ਦਾਤੀਂ ਕੀਤੈ ਪੁੰਨਿ॥
ਨ ਭੀਜੈ ਬਾਹਰਿ ਬੈਠਿਆ ਸੁੰਨਿ॥ ਨ ਭੀਜੈ ਭੇੜਿ ਮਰਹਿ ਭਿੜਿ ਸੂਰ॥
ਨ ਭੀਜੈ ਕੇਤੇ ਹੋਵਹਿ ਧੂੜ। ਲੇਖਾ ਲਿਖੀਐ ਮਨ ਕੈ ਭਾਇ॥
ਨਾਨਕ ਭੀਜੈ ਸਾਚੈ ਨਾਇ॥੨॥ ਸਾਰੰਗ ਮਹਲਾ ੧॥
(ਪੰਨਾ ੧੨੩੭)
ਤਥਾ: ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇਕਿਆ ਕੀਜੈ॥
ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹਥੁ ਦੀਜੈ।

ਅਰਥ: ਜਿਨ੍ਹਾਂ ਦੇ ਹਿਰਦੇ ਅੰਦਰ ਕਪਟ = ਵਿਕਾਰ ਹੈ, ਉਨ੍ਹਾਂ ਨੇ ਰੋ ਕੇ ਕੀ ਲੈਣਾ ਹੈ, ਭਾਵ ਕੁਝ ਨਹੀਂ, ਰੋਣ ਕਰਕੇ ਵੀ ਪ੍ਰਮਾਤਮਾ ਖੁਸ਼ ਨਹੀਂ ਹੁੰਦਾ, ਜਦ ਤੱਕ ਅੰਦਰੋਂ ਕਪਟ ਦੂਰ ਨਹੀਂ ਕਰਦਾ। ਹਰੀ ਕਰਤਾ ਪਰਮਾਤਮਾ ਸਭ ਕੁਝ ਜਾਣਦਾ ਹੈ। ਕਪਟ ਵਾਲਿਆਂ ਦਾ ਸਿਰ ਰੋਗਾਂ ਦੇ ਹੱਥ ਦੇ ਦਿੰਦਾ ਹੈ। ਭਾਵ ਕਪਟੀ ਪੁਰਸ਼ਾਂ ਨੂੰ ਬੇਅੰਤ ਰੋਗ ਲਾ ਦਿੰਦਾ ਹੈ ਪਰਮ-ਾਤਮਾ।
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ॥੪॥
(ਪੰਨਾ ੪੫੦)

ਅਰਥ: ਗੁਰੂ ਜੀ ਆਖਦੇ ਹਨ, ਜਿਨ੍ਹਾਂ ਗੁਰਮੁਖਾਂ ਦਾ ਹਿਰਦਾ ਸ਼ੁਧ = ਪਵਿੱਤਰ ਹੈ, ਉਹ ਹਰੀ ਦੀ ਭਗਤੀ ਦੀ ਪ੍ਰਾਪਤੀ ਕਰ ਲੈਂਦੇ ਹਨ, ਹਰੀ ਵਿਚ ਲੀਣ ਅਭੇਦ ਹੋ ਜਾਂਦੇ ਹਨ, ਉਨ੍ਹਾਂ ਦੀ, ਮਲ ਦੋਸ਼, ਅਵਰਨ ਦੋਸ਼, ਅਵਸ਼ੇਖ ਦੋਸ਼, ਰੂਪੀ ਮੈਲ ਲੱਥ ਜਾਂਦੀ ਹੈ।
ਮਾਰੂ ਸੋਲਹੇ ਮਹਲਾ ੫॥
ਕੇਤੜਿਆ ਦਿਨ ਗੁਪਤੁ ਕਹਾਇਆ॥
ਕੇਤੜਿਆ ਦਿਨ ਸੁੰਨਿ ਸਮਾਇਆ॥
ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ॥੧੨॥
(ਪੰਨਾ ੧੦੮੧)

ਅਰਥ: ਕਿਤਨੇ ਹੀ ਦਿਨ ਆਪਣੇ ਆਪ ਨੂੰ ਗੁਪਤ ਕਹਾਇਆ ਹੈ। ਕਿਤਨੇ ਹੀ ਦਿਨ ਸੁੰਨਿ = ਅਫਰ ਸਮਾਧੀ ਵਿਚ ਸਮਾਈ ਕੀਤੀ। ਕਿਤਨੇ ਹੀ ਦਿਨ ਸੂਰਜ, ਚੰਦ੍ਰਮਾ ਅਲੋਪ ਕਰਕੇ ਧੁੰਧੂਕਾਰ = ਹਨੇਰਾ ਕਰੀ ਰਖਿਆ, ਜਦੋਂ ਸੰਸਾਰ ਬਗੀਚੀ ਬਨਾਉਣ ਦੀ ਇੱਛਾ ਹੋਈ ਤਾਂ ਆਪਣੇ ਆਪ ਉਸ ਕਰਤੇ ਨੇ ਪ੍ਰਗਟ ਕਰ ਲਿਆ॥੧੨॥
ਆਪੇ ਸ਼ਕਤੀ ਸਬਲੁ ਕਹਾਇਆ॥ ਆਪੇ ਸੂਰਾ ਅਮਰੁ ਚਲਾਇਆ॥
ਆਪੇ ਸ਼ਿਵ ਵਰਤਾਈਅਨੁ ਅੰਤਰਿ ਆਪੇ ਸੀਤਲੁ ਠਾਰੁ ਗੜਾ॥੧੩॥

ਅਰਥ: ਫਿਰ ਆਪ ਹੀ ਸ਼ਕਤੀ ਸਬਲ = ਮਾਇਆ ਸਬਲੁ॥

ਈਸ੍ਵਰ ਕਹਾਇਆ ਅਤੇ ਆਪ ਹੀ ਸੂਰਬੀਰ ਹੋ ਕੇ ਅਮਰੁ = ਹੁਕਮ ਚਲਾਉਣਾ ਕੀਤਾ। ਆਪ ਹੀ ਉਸਨੇ ਸਭ ਦੇ ਅੰਦਰ ਸ਼ਿਵ = ਤਮੋ ਗੁਣ ਵਰਤਾਇਆ, ਗੁਰਮੁਖਾਂ ਅੰਦਰ ਆਪ ਹੀ ਸ਼ਿਵ ਕਲਿਆਣ ਵਰਤਾਈ ਹੈ।
ਬਾਣੀ ਮੰਤ੍ਰ ਮਹਾ ਪੁਰਖਨ ਕੀ ਮਨਹਿ ਉਤਾਰਨ ਮਾਨ ਕਉ॥
ਖੋਜਿ ਲਹਿਓ ਨਾਨਕ ਸੁਖ ਥਾਨਾਂ ਹਰਿ ਨਾਮਾ ਬਿਸ੍ਰਾਮ ਕਉ॥੨॥
(ਪੰਨਾ ੧੨੦੮)

ਅਰਥ: ਮਹਾਂ ਪੁਰਖਾਂ ਦੀ ਉਚਾਰੀ ਹੋਈ ਬਾਣੀ, ਮਨ ਵਿਚੋਂ ਮਾਨ ਰੂਪੀ ਵਿਹੁ ਦੇ ਉਤਾਰਨ ਲਈ ਮੰਤ੍ਰ ਹੈ। ਗੁਰੂ ਜੀ ਕਥਨ ਕਰਦੇ ਹਨ - ਮਨ ਦੇ ਬਿਸਰਾਮ ਕਰਨੇ ਨੂੰ ਸੁਖਾਂ ਦਾ ਅਸਥਾਨ ਹਰੀ ਦਾ ਨਾਮ ਅਸੀਂ ਲੱਭ ਲਿਆ ਹੈ॥੨॥

ਤਥਾ: ਮਿਲਿ ਸਾਧੂ ਸੰਗਿ ਉਧਾਰੁ ਹੋਇ ਫਾਟੈ ਜਮ ਕਾਗਰੁ॥
ਕਾਨੜਾ ਮਹਲਾ ੫॥ (ਪੰਨਾ ੧੩੧੮)
ਰਹਾਉ॥ ਸੰਤ ਰੇਨੁ ਨਿਤਿ ਮਜਨੁ ਕਰੈ॥
ਜਨਮ ਜਨਮ ਕੇ ਕਿਲਬਿਖ ਹਰੈ॥੧॥
ਸੰਤ ਜਨਾ ਕੀ ਊਚੀ ਬਾਨੀ॥ ਸਿਮਰਿ ਸਿਮਰਿ ਤਰੇ ਨਾਨਕ ਪ੍ਰਾਨੀ॥੨॥
(ਪੰਨਾ ੧੩੦੦)

ਅਰਥ: ਸੰਤ ਰੇਨੁ = ਸੰਤਾਂ ਦੀ ਧੂੜੀ ਵਿਚ ਨਿਤਿ ਇਸ਼ਨਾਨ ਕਰੋ॥ ਜਨਮਾਂ ਜਨਮਾਂ ਦੇ ਕਿਲ ਬਿਖ ਹਰੈ ਪਾਪਾਂ ਦਾ ਨਾਸ ਕਰਦੀ ਹੈ॥

ਸੰਤ ਜਨਾਂ ਦੇ ਉਪਦੇਸ਼ = ਬਾਣੀ ਸਭ ਤੋਂ ਉਚੀ ਹੈ।

ਗੁਰੂ ਜੀ ਕਥਨ ਕਰਦੇ ਹਨ = ਉਸ ਬਾਣੀ ਨੂੰ ਸਿਮਰ ਸਿਮਰ ਕੇ ਕਈ ਪ੍ਰਾਣੀ ਤਰ ਗਏ ਹਨ॥੨॥੧੩॥
ਤਥਾ: ਕਹੁ ਨਾਨਕ ਜਿਨਿ ਧੂਰਿ ਸੰਤ ਪਾਈ॥
ਤਾ ਕੈ ਨਿਕਟਿ ਨ ਆਵੈ ਮਾਈ॥
(ਪੰਨਾ ੧੮੨)
ਤਥਾ: ਸਾਧ ਕੈ ਸੰਗਿ ਪਾਏ ਨਾਮ ਰਤਨੁ॥
ਸਾਧ ਕੈ ਸੰਗਿ ਏਕ ਊਪਰਿ ਜਤਨੁ॥
(ਪੰਨਾ ੨੭੧)
ਵਾਹੁ ਵਾਹੁ ਬਾਣੀ ਸਤਿ ਹੈ ਗੁਰਮੁਖਿ ਬੂਝੈ ਕੋਇ॥
ਵਾਹੁ ਵਾਹੁ ਕਰਿ ਪ੍ਰਭੁ ਸਾਲਾਹੀਐ ਤਿਸੁ ਜੇਵਡੁ ਅਵਰੁ ਨ ਕੋਇ॥
ਆਪੇ ਬਖਸੇ ਮੇਲਿ ਲਏ ਕਰਮਿ ਪਰਾਪਤਿ ਹੋਇ॥੩॥
(ਪੰਨਾ ੧੨੭੭)

ਅਰਥ: ਵਾਹੁ ਵਾਹੁ = ਵਾਹਿਗੁਰੂ ਬਾਣੀ ਸੱਚੀ ਹੈ, ਵਾ: ਸਤਿ ਸਰੂਪ ਪਰਮਾਤਮਾ ਦੀ ਪ੍ਰਾਪਤੀ ਦਿੰਦੀ ਹੈ, ਪਰ ਇਸ ਗੱਲ ਨੂੰ ਕੋਈ ਵਿਰਲਾ ਗੁਰਮੁਖ ਸਮਝਦਾ ਹੈ। ਵਾਹੁ ਵਾਹੁ = ਵਾਹਿਗੁਰੂ ਵਾਹਿਗੁਰੂ ਕਰਕੇ ਪ੍ਰਭੂ ਨੂੰ ਸਲਾਹਣਾ ਕਰ ਉਸ ਜੇਡਾ ਹੋਰ ਕੋਈ ਨਹੀਂ ਹੈ। ਜਿਸ ਵੇਲੇ ਉਸਦੀ ਕਰਮ-ਬਖਸ਼ਸ਼ ਦੀ ਪ੍ਰਾਪਤੀ ਹੁੰਦੀ ਹੈ, ਉਹ ਆਪ ਹੀ ਬਖਸ਼ਸ਼ ਕਰਕੇ ਆਪਣੇ ਨਾਲ ਮੇਲ ਲੈਂਦਾ ਹੈ॥੩॥

ਆਸਾ ਮਹਲਾ ੧॥
ਦੁਖ ਸੁਖ ਪਰ ਹਰਿ ਸਹਜਿ ਸੁਚੀਤ॥ ਤਨੁ ਮਨੁ ਸਉਪਿਉ ਕ੍ਰਿਸਨ ਪਰੀਤ॥੫॥

ਅਰਥ: ਆਪਣੇ ਸ੍ਰੇਸਟ ਚਿਤ ਵਿਚ ਸਹਿਜ = ਸ਼ਾਂਤੀ ਰੂਪ ਪਰਮੇਸ਼ਰ ਦੇ ਨਾਮ ਨੂੰ ਜਪ ਕੇ, ਸਹਿਜ ਗਿਆਨ ਦੁਆਰਾ ਦੁੱਖ ਸੁਖ ਨੂੰ ਪਰਹਰਿ = ਤਿਆਗ ਦੇ ਅਤੇ ਆਪਣੇ ਤਨ ਮਨ ਨੂੰ ਕ੍ਰਿਸ਼ਨ = ਪਰਮੇਸ੍ਵਰ ਦੀ ਪ੍ਰੀਤੀ ਵਿਚ ਸੌਂਪਦੇ॥੨॥ ਪੰਨਾ ੪੧੩

ਮ: ੪॥
ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੋ ਭਲਕੇ ਉਠਿ ਹਰਿ ਨਾਮੁ ਧਿਆਵੈ॥

ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥

ਅਰਥ: ਜੋ ਸਤਿਗੁਰੂ ਜੀ ਦਾ ਸਿੱਖ ਅਖਵਾਂਦਾ ਹੈ, ਉਹ ਹਰ ਰੋਜ਼ ਸਵੇਰੇ ਉੱਠਕੇ ਹਰੀ ਨਾਮ ਨੂੰ ਧਿਆਏ॥ ਹਰਿ ਰੋਜ਼ ਸਵੇਰੇ ਉਠਕੇ ਇਸ਼ਨਾਨ ਕਰੇ ਅਤੇ ਵਾਹਿਗੁਰੂ ਦਾ ਜਾਪੁ ਜਾਂ ਗੁਰਬਾਣੀ ਦਾ ਪਾਠ ਕਰੇ ਨਾਮ ਬਾਣੀ ਪੜ੍ਹਨ ਕਰਕੇ ਉਹ ਪਾਣੀ ਅੰਮ੍ਰਿਤਸਰ=ਅੰਮ੍ਰਿਤ ਸਰੋਵਰ ਹੋ ਜਾਵੇਗਾ।

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥

ਅਰਥ: ਉਪਦੇਸ਼ ਦੁਆਰਾ ਹਰਿ ਹਰਿ ਜਪਣਾ ਕਰੇ ਉਸਦੇ ਸਾਰੇ ਪਾਪ ਲਹਿ ਜਾਣਗੇ। ਫਿਰ ਦਿਨ ਚੜ੍ਹੇ ਗੁਰਬਾਣੀ ਪੜ੍ਹੋ ਅਤੇ ਬਹਿੰਦਿਆਂ ਉਠਦਿਆਂ ਹਰਿ ਨਾਮ ਨੂੰ ਧਿਆਵੇ।

ਭਾਵ = ਸ੍ਵਾਸ ਸ੍ਵਾਸ ਸਿਮਰਨ ਕਰੋ।
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰ ਸਿਖ ਗੁਰੂ ਉਪਦੇਸੁ ਸੁਣਾਵੈ॥

ਅਰਥ: ਜੋ ਸਿੱਖ ਸ੍ਵਾਸ ਲੈਂਦਿਆਂ ਤੇ ਗਿਰਾਸਿ = ਰਿਹਾਹੀ ਖਾਂਦਿਆਂ ਮੇਰੇ ਹਰਿ ਹਰਿ ਨੂੰ ਧਿਆਉਂਦੇ ਹਨ, ਉਹ ਗੁਰਸਿੱਖ ਗੁਰਾਂ ਦੇ ਮਨ ਨੂੰ ਭਾਉਂਦਾ ਹੈ। ਜਿਸ 'ਤੇ ਮੇਰਾ ਸੁਆਮੀ ਦਿਆਲੂ ਹੁੰਦਾ ਹੈ, ਉਸ ਗੁਰਸਿੱਖ ਨੂੰ ਗੁਰੂ ਸਾਹਿਬ ਆਪਣਾ ਉਪਦੇਸ਼ ਸੁਣਾਂਦੇ ਹਨ। ਜੋ ਅੱਜਕੱਲ੍ਹ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਸਮੇਂ ਮਿਲਦਾ ਹੈ, ਮੂਲ ਮੰਤਰ ਅਤੇ ਵਾਹਿਗੁਰੂ ਮੰਤਰ।

ਜਨ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪ ਜਪੈ ਅਵਰਹ ਨਾਮੁ ਜਪਾਵੈ॥੨॥
(ਪੰਨਾ ੩੦੫)

ਅਰਥ: ਸ੍ਰੀ ਗੁਰੂ ਰਾਮ ਦਾਸ ਸਾਹਿਬ ਕਥਨ ਕਰਦੇ ਹਨ - ਉਸ ਗੁਰ ਸਿਖ ਦੀ ਚਰਨ ਧੂੜੀ ਮੰਗੋ, ਜੋ ਆਪ ਨਾਮ ਜਪਦਾ ਹੈ ਹੋਰਨਾਂ ਨੂੰ ਨਾਮ ਜਪਾਂਦਾ ਹੈ॥੨॥

ਚਾਰ ਕਿਲ ਵਿਖ = ਬ੍ਰਾਹਮਣ ਨੂੰ ਮਾਰਨਾ, ਗਊ ਨੂੰ ਮਾਰਨਾ, ਲੜਕੀ ਨੂੰ ਮਾਰਨਾ, ਵੇਸ਼ਵਾ ਦਾ ਅੰਨ ਖਾਣਾ।
ਯਥਾ: ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥
ਮ: ੩ (ਪੰਨਾ ੧੪੧੩)
ਸਲੋਕ ਮ: ੪॥
ਜੋ ਨਿੰਦਾ ਕਰੇ ਸਤਿਗੁਰ ਪੂਰੇ ਕੀ ਸੁ ਅਉਖਾ ਜਗ ਮਹਿ ਹੋਇਆ॥
ਨਰਕ ਘੋਰੁ ਦੁਖ ਖੂਹੁ ਹੈ ਓਥੈ ਪਕੜਿ ਓਹੁ ਢੋਇਆ॥

ਅਰਥ: ਜਿਹੜਾ ਪੁਰਖ ਪੂਰਿਆਂ ਸਤਿਗੁਰਾਂ ਦੀ ਨਿੰਦਿਆ ਕਰਦਾ ਹੈ, ਉਹ ਜਗਤ ਵਿਚ ਦੁਖੀ ਹੁੰਦਾ ਹੈ। ਘਣੇ ਦੁਖਾਂ ਦਾ ਖੂਹ ਕੁੰਭੀ ਨਰਕ ਹੈ, ਉਸ ਪੁਰਖ ਨੂੰ ਫੜਕੇ ਕੁੰਭੀ ਨਰਕ ਵਿਚ ਢੋਆ = ਸੁਟਿਆ ਜਾਂਦਾ ਹੈ॥

ਕੂਕ ਪੁਕਾਰ ਕੋ ਨ ਸੁਣੇ ਓਹੁ ਅਉਖਾ ਹੋਇ ਹੋਇ ਰੋਇਆ॥
ਓਨਿ ਹਲਤੁ ਪਲਤੁ ਸਭੁ ਗਵਾਇਆ ਲਾਹਾ ਮੂਲੁ ਸਭੁ ਖੋਇਆ॥

ਅਰਥ: ਉਥੇ ਉਸ ਦੀਆਂ ਕੂਕਾਂ ਕੋਈ ਨਹੀਂ ਸੁਣਦਾ, ਉਹ ਦੁਖੀ ਹੋ ਹੋ ਕੇ ਰੋਂਦਾ ਹੈ। ਉਸਨੇ ਹਲਤ ਪਲਤ = ਦੋਵੇਂ ਲੋਕ ਗਵਾ ਲਏ ਹਨ, ਆਪਣੇ ਸ਼ੁਭ ਕਰਮ ਸਭ ਗਵਾ ਲਏ ਹਨ।
ਓਹੁ ਤੇਲੀ ਸੰਦਾ ਬਲਦੁ ਕਰਿ ਨਿਤ ਭਲਕੇ ਉਠਿ ਪ੍ਰਭਿ ਜੋਇਆ॥
ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ॥
(ਪੰਨਾ ੩੦੯)

ਅਰਥ: ਉਸ ਨੂੰ ਤੇਲੀ ਸੰਦਾ = ਤੇਲੀ ਦਾ ਬਲਦ ਕੀਤਾ ਜਾਂਦਾ ਹੈ ਤੇਲੀ ਨਿਤ = ਹਰਿ ਰੋਜ਼ ਕੋਲੂ ਨੂੰ ਜੋੜਕੇ ਚਲਾਂਦਾ ਹੈ। ਹਰੀ ਨਿਤਾ ਪ੍ਰਤੀ ਜੀਵਾਂ ਦੇ ਸਭ ਕੁਝ ਕਰਤੱਬ ਦੇਖਦਾ ਹੈ ਤੇ ਸੁਣਦਾ ਹੈ ਤਿਦੂ = ਉਸ ਤੋਂ ਕੁਝ ਗੁਝਾ = ਛੁਪਿਆ ਹੋਇਆ ਨਹੀਂ ਹੈ।

## ਗੁਰੂ ਅੰਗਦ ਦੇਵ ਪ੍ਰਤੀ ਤਪੇ ਦੀ ਈਰਖਾ

ਖਡੂਰ ਸਾਹਿਬ ਇਕ ਤਪਾ ਰਹਿੰਦਾ ਸੀ ਜੋ ਖਹਿਰੇ ਜੱਟਾਂ ਦਾ ਗੁਰੂ ਸੀ। ਇਕ ਵਾਰ ਬੜੀ ਔੜ ਲੱਗ ਗਈ ਮੀਂਹ ਨਾ ਪਿਆ, ਲੋਕ ਇਕੱਠੇ ਹੋ ਕੇ ਤਪੇ ਪਾਸ ਗਏ ਅਤੇ ਬੇਨਤੀ ਕੀਤੀ ਕਿ ਮੀਂਹ ਪਵਾਓ ਜੀ। ਤਪੇ ਨੇ ਕਿਹਾ ਕਿ ਜਦ ਤੱਕ ਆਪਣੇ ਆਪ ਨੂੰ ਗੁਰੂ ਅਖਵਾਉਣ ਵਾਲੇ (ਸ੍ਰੀ ਗੁਰੂ ਅੰਗਦ ਦੇਵ) ਪਿੰਡ ਵਿਚ ਰਹਿਣਗੇ ਜਦ ਤੱਕ ਮੀਂਹ ਨਹੀਂ ਪਵੇਗਾ। ਇਨ੍ਹਾਂ ਨੂੰ ਪਿੰਡ ਦੀ ਜੂਹ ਵਿਚੋਂ ਬਾਹਰ ਕੱਢ ਦਿਓ ਤਾਂ ਮੀਂਹ ਪੈ ਜਾਵੇਗਾ। ਤਪੇ 'ਤੇ ਇਤਬਾਰ ਕਰਕੇ ਜੀਮੀਂਦਾਰਾਂ ਨੇ ਗੁਰੂ ਸਾਹਿਬ ਨੂੰ ਤਪੇ ਦੀ ਕਹੀ ਗੱਲ ਕਹਿ ਦਿੱਤੀ। ਸਤਿਗੁਰੂ ਜੀ ਰਾਤ ਦੇ ਸਮੇਂ ਚੁਪਕੇ ਹੀ ਇੱਥੋਂ ਉਠ ਕੇ ਪਿੰਡ ਤੁੜ ਚਲੇ ਗਏ। ਤੁੜ ਪਿੰਡ ਤੋਂ ਛਾਪਰੀ ਪਿੰਡ ਦੀ ਸੰਗਤ ਆਪ ਜੀ ਨੂੰ ਆਪਣੇ ਪਾਸ ਛਾਪਰੀ ਲੈ ਗਈ। ਸਤਿਗੁਰੂ ਦੇਵ ਜੀ ਨੂੰ ਪੂਰਨ ਸਤਿਕਾਰ ਸਹਿਤ ਸੰਗਤ ਨੇ ਆਪਣੇ ਪਾਸ ਠਹਿਰਨ ਲਈ ਬੇਨਤੀ ਕੀਤੀ ਅਤੇ ਤਨ ਮਨ ਧਨ ਕਰਕੇ ਸੇਵਾ ਕੀਤੀ। ਕੁਝ ਦਿਨ ਛਾਪਰੀ ਬਤੀਤ ਕਰਕੇ ਗੁਰੂ ਜੀ ਭਰੋਵਾਲ ਪਿੰਡ ਆ ਗਏ। ਇਕ ਦਿਨ ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਤੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਕਰਨ ਲਈ ਆਏ ਤਾਂ ਆ ਕੇ ਦੇਖਿਆ ਕਿ ਸਤਿਗੁਰੂ ਨਹੀਂ ਮਿਲੇ ਤਾਂ ਖਹਿਰਿਆਂ ਜੱਟਾਂ ਨੇ ਸਾਰੀ ਗੱਲ ਦਸ ਦਿੱਤੀ ਕਿ ਸਾਡੇ ਡੰਗਰ ਪਸ਼ੂ ਭੁਖੇ ਮਰਦੇ ਸਨ ਮੀਂਹ ਨਹੀਂ ਸੀ ਪਿਆ, ਅੱਗੇ ਨੂੰ ਦਾਣੇ ਆਦਿਕ ਕਿਥੋਂ ਹੋਣੇ? ਜੀ ਜੰਤ ਵੀ ਭੁੱਖਾ ਮਰੇਗਾ ਅਸੀਂ ਤਪੇ ਦੇ ਕਹਿਣ ਕਰਕੇ ਗੁਰੂ ਜੀ ਨੂੰ ਕਹਿ ਬੈਠੇ ਕਿ ਜੇ ਤੁਸੀਂ ਇੱਥੋਂ ਚਲੇ ਜਾਓ ਤਾਂ ਮੀਂਹ ਪੈ ਜਾਵੇ। ਗੁਰੂ ਜੀ ਚਲੇ ਗਏ। ਹੁਣ ਤਪੇ ਨੇ ਹਵਨ ਸ਼ੁਰੂ ਕੀਤਾ ਹੈ ਬੇਦ ਬਾਣੀ ਆਦਿਕ ਦੇ ਮੰਤਰ ਜੰਤਰ ਪੜ੍ਹਦਾ ਹੈ, ਪਰ ਅਜੇ ਪਿੰਡ ਦੇ ਉਤੇ ਇਕ ਬੱਦਲ ਵੀ ਨਹੀਂ ਬਣਿਆ। ਪਰ ਅੱਗੇ ਜੇ ਔੜ ਲੱਗ ਜਾਂਦੀ ਸੀ ਤਾਂ ਤਪਾ ਮੀਂਹ ਪਵਾ ਦਿੰਦਾ ਸੀ। ਹੁਣ ਤਾਂ ਸੱਤ ਦਿਨ ਹੋ ਗਏ ਹਨ, ਤਪਾ ਵੀ ਲਾਰੇ ਲੱਪੇ ਲਾਂਦਾ ਹੈ ਮੀਂਹ ਨਹੀਂ ਪੈਂਦਾ, ਹੁਣ ਅਸੀਂ ਤਪੇ ਤੋਂ ਵੀ ਤੰਗ ਆ ਗਏ ਹਾਂ ਅਸੀਂ ਗੁਰੂ ਅੰਗਦ ਦੇਵ ਜੀ ਨੂੰ ਭੀ ਭੇਜ ਕੇ ਪਾਪ ਖੱਟਿਆ ਹੈ ਸਾਡਾ ਡੰਗਰ ਪਸ਼ੂ ਅਤੇ ਜੀਆ ਜੰਤ ਭੁੱਖੇ ਮਰ ਜਾਣਗੇ, ਜੇ ਮੀਂਹ ਨਾ ਪਿਆ ਅਸੀਂ ਅਤੀ ਦੁਖੀ ਹਾਂ, ਆਪ ਕ੍ਰਿਪਾ ਕਰੋ ਮੀਂਹ ਪਵਾਓ। ਸ੍ਰੀ ਗੁਰੂ ਅਮਰ ਦਾਸ ਜੀ ਉਸ ਸਮੇਂ ਗੁਰੂ ਨਹੀਂ ਸਨ ਸਿੱਖ ਸਨ ਪਰ ਪੂਰਨ ਸਿੱਖ ਸਨ ਕਮਾਈ ਵਾਲੇ, ਗੁਰੂ ਅਮਰਦਾਸ ਜੀ ਨੇ ਕਿਹਾ ਮੀਂਹ ਪੈ ਜਾਵੇਗਾ ਪਰ ਬਚਨ ਮੰਨਣਾ ਪਏਗਾ, ਪਿੰਡ ਵਾਸੀਆਂ ਕਿਹਾ ਜੀ ਜੋ ਕਹੋਗੇ ਅਸੀਂ ਉਹੀ ਕਰਾਂਗੇ ਸਾਡੇ 'ਤੇ ਰਹਿਮ ਕਰੋ। ਗੁਰੂ ਅਮਰਦਾਸ ਜੀ ਨੇ ਕਿਹਾ ਨਵਾਂ ਹੱਲ, ਨਵੀਂ ਪੰਜਾਲੀ ਮੰਗਵਾਓ ਅਤੇ ਇਕ ਅਲਕ ਬੈੜਕਾ ਪੰਜਾਲੀ ਵਿਚ ਜੋੜੋ ਅਤੇ ਇਕ ਸਾਧ ਪਖੰਡੀ ਨੂੰ ਬੈੜਕੇ ਨਾਲ ਜੋੜੋ ਜਿਧਰ ਹੱਲ ਜਾਏਗਾ ਉਧਰ ਮੀਂਹ ਪਏਗਾ ਪਿੰਡ ਵਾਲਿਆਂ ਐਸਾ ਹੀ ਕੀਤਾ। ਸਾਧ ਨੂੰ ਖਿੱਚ ਕੇ ਲਿਆਏ ਡੇਰੇ ਵਿਚੋਂ ਨਵੇਂ ਹੱਲ ਪੰਜਾਲੀ ਵਿਚ ਅਲਕ ਬੈੜਕਾ ਅਤੇ ਸਾਧ ਪੰਜਾਲੀ ਵਿਚ ਜੋੜ ਲਏ। ਇਕ ਅਮਲੀ ਨੂੰ ਹਾਲੀ ਲਾ ਦਿੱਤਾ। ਅਮਲੀ ਨੇ ਇਕ ਪ੍ਰਾਣੀ ਲਈ ਚੰਗੀ ਆਰ ਲੱਗੀ ਹੋਈ ਸੀ ਅਤੇ ਨਮੇਂ ਛਾਂਟੇ ਲੱਗੇ ਸਨ, ਅਤੇ ਬੈੜਕਾਂ ਛਾਲਾਂ ਮਾਰਦਾ ਹੈ ਸਾਧ ਪਿਛੇ ਨੂੰ ਖਿੱਚਦਾ ਹੈ। ਇਸ ਦੇ ਸਬੰਧ ਵਿਚ ਕਵੀ ਨੇ ਇਸ ਤਰ੍ਹਾਂ ਕਿਹਾ ਹੈ।

ਸਾਧ ਨੂੰ ਜੋੜ ਪੰਜਾਲੀ ਅਮਲੀ ਇਕ ਲਾਤਾ ਹਾਲੀ, ਅਮਲੀ ਨੇ ਮਾਰਿਆ ਛਾਂਟਾ, ਸਾਧ ਦਾ ਸੁੱਜ ਗਿਆ ਗਾਟਾ। ਪੇਟ ਵੀ ਫਲਾਇਆ ਖਾਕੇ ਬਈ ਜੈਸਾ ਕੰਮ ਕਰੁ ਜੱਗ ਮੇ ਤੈਸਾ ਭੋਗਣਾ ਪਊਗਾ ਚਿੱਤ ਲਾਕੇ, ਬਈ ਜੈਸਾ ਕੰਮ।

ਜਿਥੇ ਸਾਧ ਅਤੇ ਅਲਕ ਬੈੜਕੇ ਵਾਲੀ ਹੱਲ ਜਾਂਦੀ ਹੈ, ਉਥੇ ਮੀਂਹ ਪਿਛੇ ਪਿਛੇ ਜਾਂਦਾ ਹੈ ਪਿੰਡ ਵਾਸੀਆਂ ਨੇ ਸੁਖ ਦਾ ਸਾਹ ਲਿਆ, ਅਤੇ ਬੈਹੜਕੇ ਦਾ ਖਿਚਿਆ ਅਮਲੀ ਦੇ ਛਾਂਟੇ ਲੱਗਣ ਕਰਕੇ ਸਾਧ ਹਰੀ ਰਾਮ ਬੋਲ ਗਿਆ = ਮਰ ਗਿਆ। ਮੀਂਹ ਉਥੇ ਹੀ ਰੁਕ ਗਿਆ ਜਿਨ੍ਹਾਂ ਦੇ ਖੇਤਾਂ ਵਿਚ ਨਹੀਂ ਗਿਆ ਉਹ ਸਤਗੁਰੂ ਅਮਰਦਾਸ ਜੀ, ਜੋ ਉਸ ਸਮੇਂ ਗੁਰੂ ਅੰਗਦ ਦੇਵ ਜੀ ਦੇ ਪੂਰਨ ਗੁਰਸਿੱਖ ਸਨ, ਉਹ ਅਵਸਥਾ ਪ੍ਰਾਪਤ ਸੀ ਜਿਥੇ ਜਾ ਕੇ ਸਿੱਖ ਅਤੇ ਗੁਰੂ ਅਭੇਦ ਹੋ ਜਾਂਦੇ ਹਨ ਭਾਵ ਇਕ ਰੂਪ ਜੋ ਜਾਂਦੇ ਹਨ। ਪਿੰਡ ਵਾਲੇ ਲੱਗੇ ਤਰਲੇ ਮਿਨਤਾਂ ਕਰਨ ਮਹਾਰਾਜ ਸਾਡੇ ਖੇਤ ਸੁਕੇ ਰਹਿ ਗਏ ਸਾਧ ਮਰ ਗਿਆ ਈਰਖਾਲੂ ਤਪਾ, ਮਹਾਰਾਜ ਨੇ ਕਿਹਾ ਜਿੱਥੇ ਸੁੱਕਾ ਹੈ, ਉਥੇ ਸਾਧ ਦੀਆਂ ਬੋਟੀਆਂ ਲੈ ਜਾਓ ਜੱਟਾਂ ਨੇ ਕੁਹਾੜੀਆਂ ਲੈ ਕੇ ਸਾਧ ਦੀ ਬੋਟੀ ਬੋਟੀ ਕੱਟ ਕੇ ਆਪੋ ਆਪਣੇ ਖੇਤਾਂ ਵਿਚ ਮੀਂਹ ਪਵਾਇਆ। ਫੇਰ ਕਹਿਣ ਲੱਗੇ ਧੰਨ ਗੁਰੂ ਧੰਨ ਗੁਰੂ ਕੇ ਸਿੱਖ, ਮੀਂਹ ਤਾਂ ਗੁਰੂ ਅੰਗਦ ਦੇਵ ਜੀ ਵੀ ਪਵਾ ਸਕਦੇ ਸੀ। ਇਹ ਅਦਭੁਤ ਕਉਤਕ ਕਰਕੇ ਆਪਣੇ ਸਿੱਖ ਦੀ ਜੈ ਜੈਕਾਰ ਕਰਵਾਈ, ਜਿਸ ਤਰ੍ਹਾਂ ਹਰਕ੍ਰਿਸ਼ਨ ਸਾਹਿਬ ਜੀ ਨੇ ਗੁੰਗੇ ਤੋਂ ਗੀਤਾ ਦੇ ਅਰਥ ਕਰਵਾਏ ਪੰਜੋਖਰੇ ਪਿੰਡ ਵਿਚ।
ਜੋ ਹਰਿ ਦਾਸਨਿ ਕੀ ਉਸਤਤਿ ਹੈ ਸਾ ਹਰਿ ਕੀ ਵਡਿਆਈ॥
ਹਰਿ ਆਪਣੀ ਵਡਿਆਈ ਭਾਂਵਦੀ ਜਨਕਾ ਜੈਕਾਰੁ ਕਰਾਈ॥ ਪੰਨਾ ੬੫੨
ਨਿੰਦਕੁ ਐਸੇ ਹੀ ਝਰਿ ਪਰੀਐ॥ ਇਹ ਨੀਸਾਨੀ ਸੁਨਹੁ ਤੁਮ ਭਾਈ ਜਿਉ ਕਾਲਰ ਭੀਤਿ ਗਿਰੀਐ॥ ਰਹਾਉ॥
(ਪੰਨਾਂ ੮੨੩)

ਇਸੇ ਤਰ੍ਹਾਂ ਪੰਚਮ ਪਾਤਿਸ਼ਾਹ ਨੇ ਆਪਣੇ ਮਹਲ ਮਾਤਾ ਗੰਗਾ ਨੂੰ ਪੁੱਤਰ ਪ੍ਰਾਪਤੀ ਲਈ ਆਪਣੇ ਹੀ ਸਿੱਖ ਬਾਬਾ ਬੁੱਢਾ ਜੀ ਪਾਸ ਭੇਜਿਆ। ਇਹ ਵਿਖਾ ਦਿਤਾ ਸੀ ਕਿ ਸਾਡੇ ਸਿੱਖਾਂ ਪਾਸ ਭੀ ਨਾਮੁ ਦੇ ਖਜ਼ਾਨੇ ਵਿਚੋਂ ਸਭ ਪਦਾਰਥ ਮਿਲਦੇ ਹਨ।
ਚਾਰ ਪਦਾਰਥ ਜੋ ਕੋ ਮਾਂਗੈ॥ ਸਾਧ ਜਨਾ ਕੀ ਸੇਵਾ ਲਾਗੈ॥
ਜੇ ਕੋ ਆਪੁਨਾ ਦੂਖੁ ਮਿਟਾਵੈ॥ ਹਰਿ ਹਰਿ ਨਾਮੁ ਰਿਦੈ ਸਦ ਗਾਵੈ॥

ਜੋ ਕੁ ਅਪੁਨੀ ਸੋਭਾ ਲੋਰੈ॥ ਸਾਧ ਸੰਗਿ ਇਹ ਹਉਮੈ ਛੋਰੈ॥
ਜੇ ਕੋ ਜਨਮ ਮਰਣ ਤੇ ਡਰੈ॥ ਸਾਧ ਜਨਾ ਕੀ ਸਰਨੀ ਪਰੈ॥
ਜਿਸੁ ਜਨ ਕਉ ਪ੍ਰਭ ਦਰਸ ਪਿਆਸਾ॥ ਨਾਨਕ ਤਾਕੈ ਬਲਿ ਬਲਿ ਜਾਸਾ॥
(ਪੰਨਾ ੨੬੬)

ਜਦੋਂ ਖੰਡੂਰ ਸਾਹਿਬ ਦੀ ਧਰਤੀ ਸਾਰੀ 'ਤੇ ਮੀਂਹ ਪੈ ਗਿਆ ਤਾਂ ਗੁਰੂ ਅਮਰ ਦਾਸ ਪਾਸੋਂ ਮਾਫੀ ਮੰਗੀ ਮਹਾਰਾਜ ਅਸੀਂ ਤਪੇ ਦੇ ਕਹੇ ਗੁਰੂ ਜੀ ਨੂੰ ਕਹਿ ਬੈਠੇ ਕਿ ਜੇ ਤੁਸੀਂ ਚਲੇ ਜਾਓ ਤਾਂ ਤਪਾ ਮੀਂਹ ਪਵਾ ਦੇਵੇਗਾ। ਚਲੋ ਗੁਰੂ ਸਾਹਿਬ ਦੇ ਚਰਨੀਂ ਪਾਓ ਸਾਨੂੰ, ਆਪ ਜਾਮਨ ਹੋਵੋ ਤਾਂ ਗੁਰੂ ਅੰਗਦ ਦੇਵ ਜੀ ਨੂੰ ਵਾਪਸ ਪਿੰਡ ਲੈਕੇ ਆਈਏ ਮਾਫੀਆਂ ਮੰਗਕੇ! ਭਰੋਵਾਲ ਪਿੰਡ ਤੋਂ ਮਾਫੀਆਂ ਮੰਗ ਕੇ ਵਾਪਸ ਖੰਡੂਰ ਸਾਹਿਬ ਲੈ ਕੇ ਆਏ, ਗੁਰੂ ਜੀ ਅਮਰਦਾਸ ਨੂੰ ਪੁੱਛਿਆ ਕਿ ਤੁਸੀਂ ਤਪੇ ਨੂੰ ਕੁਝ ਕਿਹਾ ਤਾਂ ਨਹੀਂ, ਅਮਰ ਦਾਸ ਜੀ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਸੱਚੇ ਪਾਤਿਸ਼ਾਹ ਗੁਰੂ ਦੋਖੀ ਨੂੰ ਦੰਡ ਦੇਣਾ ਬਣਦਾ ਹੈ। ਸੋ ਦੇ ਦਿੱਤਾ ਹੈ।


ਗੁਰੂ ਕੀ ਨਿੰਦਾ ਸੁਨੈ ਨਾ ਕਾਨ॥

ਤਥਾ: ਇਸੇ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਪਾਸੋਂ ਖੰਡੇ ਬਾਟੇ ਦੀ ਪਾਹੁਲ ਲੈ ਕੇ ਗੁਰੂ ਜੀ ਤੋਂ ਥਾਪੜਾ ਲੈਕੇ ਪੰਜਾਬ ਵੱਲ ਆਉਣਾ ਕੀਤਾ ਅਤੇ ਸਰਹਿੰਦ ਦੇ ਸੂਬੇ ਵਜ਼ੀਰ ਖਾਂ ਛੋਟੇ ਸਾਹਿਬਜਾਦਿਆਂ ਦੇ ਕਾਤਲ ਨੂੰ ਕਤਲ ਕਰਕੇ ਸਰਹਿੰਦ ਦੀ ਇਟੱ ਨਾਲ ਇਟੱ ਖੜਕਾਕੇ ਗੁਰੂ ਸਾਹਿਬ ਜੀ ਦੇ ਬਚਨਾਂ ਦੀ ਪਾਲਨਾ ਕੀਤੀ ਗਈ।

ਤਥਾ: ਇਸੇ ਤਰ੍ਹਾਂ ਭਾਈ ਮਹਿਤਾਬ ਸਿੰਘ ਜੀ ਅਤੇ ਭਾਈ ਸੁਖਾ ਸਿੰਘ ਜੀ ਨੇ ਮੱਸੇ ਰੰਘੜ ਦਾ ਸਿਰ ਵਢਿਆ ਸੀ, ਬਹੁਤ ਵੱਡੀ ਕੁਰਬਾਨੀ ਕੀਤੀ ਸੀ। ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਬਰਦਾਸ਼ਤ ਨਹੀਂ ਕੀਤੀ ਸੀ।



# ਗੁਰਦੁਆਰਾ ਪਹਿਲੀ ਪਾਤਿਸ਼ਾਹੀ, ਤਿਲਗੰਜੀ ਸਾਹਿਬ, ਕੋਇਟਾ



ਕੋਇਟਾ ਬਲੋਚਿਸਤਾਨ ਦਾ ਪ੍ਰਧਾਨ ਨਗਰ ਹੈ।ਇਸ ਸ਼ਹਿਰ ਦੇ ਮਸਜਿਦ ਰੋਡ ਉੱਤੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਦੁ-ਆਰਾ ਤਿਲਗੰਜੀ ਸਾਹਿਬ ਸਥਿੱਤ ਹੈ । ਸਤਿਗੁਰੂ ਜੀ ਨੇ ਇੱਥੇ ਆਪਣੀ ਤੀਜੀ ਉਦਾਸੀ ਸਮੇਂ ਚਰਨ ਪਾਏ । ਗੁਰੂ ਸਾਹਿਬ ਜਦ ਇਸ ਥਾਂ ਤੇ ਬਿਰਾਜੇ ਤਾਂ ਸ਼ਰਧਾਲੂ ਆਪ ਜੀ ਦੇ ਦਰਸ਼ਨਾਂ ਨੂੰ ਆਏ । ਆਪ ਜੀ ਨੇ ਆਈਆਂ ਸੰਗਤਾਂ ਨੂੰ ਇੱਕ ਤਿਲ ਦਾ ਪ੍ਰਸ਼ਾਦਾ ਛਕਾ ਕੇ ਪ੍ਰਸੰਨ ਕੀਤਾ।

ਇਸ ਕਰਕੇ ਇਸ ਪਾਵਨ ਅਸਥਾਨ ਦਾ ਨਾਮ " ਤਿਲਗੰਜੀ ' ਹੋ ਗਿਆ । ਭਾਵ " ਤਿਲਾਂ ਦਾ ਖਜ਼ਾਨਾ ਹੈ । ਇਸ ਵੇਲੇ ਇਸ ਪਾਵਨ ਅਸਥਾਨ ਦੇ ਅੰਦਰ ਗੋਰਮਿੰਟ ਸੰਡੇਮਨ ਹਾਈ ਸਕੂਲ ਕੰਮ ਕਰ ਰਿਹਾ ਹੈ । ਗੁਰ-ਦੁਆਰਾ ਸਾਹਿਬ ਦੀ ਖਾਲੀ ਜ਼ਮੀਨ ਉੱਤੇ ਸਕੂਲ ਦੀ ਨਵੀਂ ਇਮਾਰਤ ਬਣਾ ਦਿੱਤੀ ਗਈ ਹੈ। ਗੁਰਦੁ-ਆਰਾ ਸਾਹਿਬ ਖਾਲੀ ਪਿਆ ਹੈ। ਗੁਰਦੁਆਰੇ ਦਾ ਮੇਨ ਗੇਟ ਮਸੀਤ ਵਰਗਾ ਹੈ ਜਦਕਿ ਅੰਦਰ ਸੋਹਣੀ ਤੇ ਸ਼ਾਨਦਾਰ ਗੁੰਬਦਦਾਰ ਇਮਾਰਤ ਹੈ। ਯਾਤਰੀਆਂ ਦੇ ਠਹਿਰਨ ਲਈ ਸਰਾਂ, ਲੰਗਰ ਹਾਲ ਤੇ ਪ੍ਰਕਾਸ਼ ਅਸਥਾਨ ਬਹੁਤ ਹੀ ਸੁੰਦਰ ਹੈ। ਕੋਇਟਾ ਦੀ ਸੰਗਤ ਨੇ ਇਸ ਦਾ ਕਬਜ਼ਾ ਲੈਣ ਲਈ ਮੁਕੱਦਮਾ ਕੀਤਾ ਹੋਇਆ ਹੈ।

# ਗਟਰ ਦੇ ਪੱਧਰ ਤੱਕ ਡਿੱਗੀ ਸਿਆਸਤ

-ਪੂਨਮ ਆਈ ਕੌਸ਼ਿਸ਼

ਸਿਆਸੀ ਵਿਰੋਧ ਜਾਂ ਜਾਨੀ ਦੁਸ਼ਮਣੀ? ਦਿੱਲੀ ਵਿਧਾਨ ਸਭਾ ਚੋਣਾਂ ਦੇ ਲਈ ਪ੍ਰਚਾਰ ਮੁਹਿੰਮ ਨੂੰ ਨਾਗਰਿਕਤਾ ਸੋਧ ਕਾਨੂੰਨ ਦੇ ਸੰਬੰਧ ਵਿੱਚ ਚੱਲ ਰਹੇ ਅੰਦੋਲਨ ਦੇ ਦੌਰਾਨ ਦੋਸ਼-ਜੁਆਬੀ ਦੋਸ਼ ਅਤੇ ਅਪਸ਼ਬਦਾਂ ਦੀ ਵਰਤੋਂ ਵਿਚਾਲੇ ਇਹ ਸਵਾਲ ਸੁਰਖੀਆਂ 'ਚ ਛਾਇਆ ਹੋਇਆ ਹੈ ਤੇ ਇਸ ਕਾਰਨ ਵਿਰੋਧੀਆਂ ਅਤੇ ਜਾਨੀ ਦੁਸ਼ਮਣਾਂ ਵਿਚਾਲੇ ਦੀ ਲਕੀਰ ਧੁੰਦਲੀ ਹੋ ਗਈ ਹੈ ਅਤੇ ਇਸ ਸਿਲਸਿਲੇ ਵਿੱਚ ਸਿਹਤਮੰਦ ਮੁਕਾਬਲੇਬਾਜ਼ਾਂ ਵਿਚਾਲੇ ਸ਼ਾਨ, ਸ਼ਾਲੀਨਤਾ, ਭਾਈਚਾਰਾ ਅਤੇ ਆਦਰ ਦੇ ਬੁਨਿਆਦੀ ਸਿਧਾਂਤ ਛਿੱਕੇ 'ਤੇ ਟੰਗ ਦਿੱਤੇ ਗਏ ਹਨ ਅਤੇ ਹਰ ਚੀਜ਼ ਖੇਡ ਬਣ ਗਈ ਹੈ।

ਦੇਸ਼ਭਗਤ ਤੋਂ ਦੇਸ਼ਧਰੋਹੀ ਅਤੇ ਇਸ ਸਭ ਦੀ ਸ਼ੁਰੂਆਤ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀ ਸ਼ਰਜੀਲ ਇਮਾਮ ਵੱਲੋਂ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੁੱਧ ਬੋਲਣ ਤੋਂ ਹੋਈ, ਜਦੋਂ ਉਸ ਨੇ ਇਹ ਕਿਹਾ, 'ਜੇ ਅਸੀਂ ਪੰਜ ਲੱਖ ਲੋਕਾਂ ਨੂੰ ਇਕਜੁਟ ਕਰ ਸਕੀਏ ਤਾਂ ਅਸੀਂ ਉਤਰ-ਪੂਰਬ ਨੂੰ ਹਮੇਸ਼ਾ ਲਈ ਭਾਰਤ ਤੋਂ ਵੱਖ ਕਰ ਸਕਦੇ ਹਾਂ। ਜੇ ਏਦਾਂ ਨਹੀਂ ਹੁੰਦਾ ਤਾਂ ਘੱਟੋ-ਘੱਟ ਇੱਕ ਮਹੀਨੇ ਲਈ ਆਸਾਮ ਨੂੰ ਬਾਕੀ ਭਾਰਤ ਤੋਂ ਵੱਖ ਕਰਨ ਦੀ ਸਾਡੀ ਜ਼ਿੰਮੇਵਾਰੀ ਹੈ, ਤਾਂ ਹੀ ਸਰਕਾਰ ਸਾਡੀ ਗੱਲ ਸੁਣੇਗੀ।' ਫਿਰ ਕੇਂਦਰੀ ਵਿੱਤ ਰਾਜ ਮੰਤਰੀ ਅਨੁਰਾਗ ਠਾਕੁਰ ਨੇ ਇੱਕ ਚੋਣ ਰੈਲੀ ਵਿੱਚ ਦਰਸ਼ਕਾਂ ਨੂੰ ਕਿਹਾ, 'ਦੇਸ਼ ਦੇ ਗੱਦਾਰੋਂ ਕੋ..' ਤਾਂ ਭੀੜ ਦੀ ਆਵਾਜ਼ ਆਈ, 'ਗੋਲੀ ਮਾਰੋ ਸਾਲੋਂ ਕੋ।' ਭਾਜਪਾ ਦੇ ਪਾਰਲੀਮੈਂਟ ਮੈਂਬਰ ਪ੍ਰਵੇਸ਼ ਵਰਮਾ ਨੇ ਸ਼ਾਹੀਨ ਬਾਗ ਵਿੱਚ ਪ੍ਰਦਰਸ਼ਨ ਕਰਦੇ ਲੋਕਾਂ ਨੂੰ ਬਲਾਤਕਾਰੀ ਅਤੇ ਕਾਤਲ ਕਹਿ ਕੇ ਵੱਡਾ ਵਿਵਾਦ ਪੈਦਾ ਕੀਤਾ ਤੇ ਕਿਹਾ ਕਿ ਇਹ ਲੋਕ ਤੁਹਾਡੇ ਘਰਾਂ ਵਿੱਚ ਦਾਖਲ ਹੋਣਗੇ ਅਤੇ ਤੁਹਾਡੀਆਂ ਭੈਣਾਂ ਅਤੇ ਧੀਆਂ ਦਾ ਬਲਾਤਕਾਰ ਕਰ ਕੇ ਉਨ੍ਹਾਂ ਦੀ ਹੱਤਿਆ ਕਰਨਗੇ। ਇਹੀ ਨਹੀਂ, ਉਨ੍ਹਾਂ ਨੇ ਦਿੱਲੀ ਦੇ ਮੁੱਖ ਮੰਤਰੀ ਬਾਰੇ ਕਿਹਾ, 'ਦਿੱਲੀ ਵਿੱਚ ਕੇਜਰੀਵਾਲ ਵਰਗੇ ਅਨੇਕ ਨਵਟਰ ਲਾਲ ਅਤੇ ਅੱਤਵਾਦੀ ਰੁਕੇ ਹੋਏ ਹਨ। ਮੇਰੀ ਸਮਝ ਵਿੱਚ ਨਹੀਂ ਆਉਂਦਾ ਕਿ ਸਾਨੂੰ ਅੱਤਵਾਦੀਆਂ ਵਿਰੁੱਧ ਕਸ਼ਮੀਰ ਵਿੱਚ ਲੜਨਾ ਚਾਹੀਦਾ ਹੈ ਜਾਂ ਦਿੱਲੀ ਵਿੱਚ ਅੱਤਵਾਦੀ ਕੇਜਰੀਵਾਲ ਦੇ ਵਿਰੁੱਧ ਲੜਨਾ ਚਾਹੀਦਾ ਹੈ।"

ਅੱਗ ਵਿੱਚ ਘਿਓ ਪਾਉਣ ਦਾ ਕੰਮ ਕਾਂਗਰਸ ਦੇ ਰਾਹੁਲ ਗਾਂਧੀ ਨੇ ਵੀ ਕੀਤਾ, ਜਿਨ੍ਹਾਂ ਨੇ ਨਰਿੰਦਰ ਮੋਦੀ ਦੀ ਤੁਲਨਾ ਮਹਾਤਮਾ ਗਾਂਧੀ ਦੇ ਕਾਤਲ ਨਾਥੂਰਾਮ ਗੋਡਸੇ ਨਾਲ ਕੀਤੀ ਤੇ ਕਿਹਾ ਕਿ ਦੋਵੇਂ ਇੱਕੋ ਵਿਚਾਰਧਾਰਾ ਵਿੱਚ ਵਿਸ਼ਵਾਸ ਕਰਦੇ ਹਨ। ਪੱਛਮੀ ਬੰਗਾਲ ਭਾਜਪਾ ਦੇ ਪ੍ਰਧਾਨ ਦਲੀਪ ਘੋਸ਼ ਨੇ ਕਿਹਾ ਕਿ ਨਾਗਰਿਕਤਾ ਸੋਧ ਕਾਨੂੰਨ ਦਾ ਵਿਰੋਧ ਕਰਦੇ ਜੋ ਲੋਕ ਸਰਕਾਰੀ ਸੰਪਤੀ ਨੂੰ ਤਬਾਹ ਕਰਦੇ ਹਨ, ਉਨ੍ਹਾਂ ਨੂੰ ਕੁੱਤੇ ਵਾਂਗ ਗੋਲੀ ਮਾਰ ਦੇਣੀ ਚਾਹੀਦੀ ਹੈ, ਜਿਵੇਂ ਉਨ੍ਹਾਂ ਨਾਲ ਆਸਾਮ ਤੇ ਉੱਤਰ ਪ੍ਰਦੇਸ਼ ਵਿੱਚ ਕੀਤਾ ਗਿਆ ਅਤੇ ਉਨ੍ਹਾਂ ਨੇ ਇਸ ਉੱਤੇ ਪਛਤਾਵਾ ਵੀ ਨਹੀਂ ਜ਼ਾਹਿਰ ਕੀਤਾ। ਸ਼ਿਵ ਸੈਨਾ ਦੇ ਮੁੱਖ ਪੱਤਰ ਸਾਮਨਾ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਸਲਾਹ ਦਿੱਤੀ ਗਈ ਕਿ ਸ਼ਰਜੀਲ ਇਮਾਮ ਵਰਗੇ ਕੀੜਿਆਂ ਨੂੰ ਤੁਰੰਤ ਨਸ਼ਟ ਕੀਤਾ ਜਾਣਾ ਚਾਹੀਦਾ ਹੈ ਅਤੇ ਭਾਜਪਾ ਦਾ ਇੱਕ ਵਿਧਾਇਕ ਚਾਹੁੰਦਾ ਹੈ ਕਿ ਉਸ ਨੂੰ ਗੋਲੀ ਮਾਰੀ ਜਾਵੇ।

ਮੈਨੂੰ ਇਸ ਗੱਲ 'ਤੇ ਹੈਰਾਨੀ ਨਹੀਂ, ਕਿਉਂਕਿ ਸਾਡੇ ਨੇਤਾ ਸਾਰੀ ਸ਼ਾਨ ਅਤੇ ਹਲੀਮੀ ਨੂੰ ਛਿੱਕੇ 'ਤੇ ਟੰਗ ਕੇ ਆਪਣਾ ਗਿਰਗਿਟ ਵਾਲਾ ਰੰਗ ਦਿਖਾ ਰਹੇ ਹਨ। ਇੱਕ ਸਮਾਂ ਸੀ, ਜਦੋਂ ਵਿਅੰਗ ਵਿੱਚ ਗੱਲਾਂ ਕਹੀਆਂ ਜਾਂਦੀਆਂ ਸਨ ਤੇ ਨੇਤਾ ਉਨ੍ਹਾਂ ਨੂੰ ਉਸੇ ਭਾਵਨਾ ਨਾਲ ਲੈਂਦੇ ਸਨ, ਪਰ ਅੱਜ ਸਿਆਸੀ ਵਿਰੋਧੀਆਂ ਅਤੇ ਪਾਰਟੀਆਂ ਵਿਚਾਲੇ ਗਾਲੀ ਗਲੋਚ ਅਤੇ ਅਪਸ਼ਬਦਾਂ ਦੀ ਵਰਤੋਂ ਹੁੰਦੀ ਹੈ ਤੇ ਭੀੜ ਦੇ ਦਰਸ਼ਕ ਅਜਿਹੀਆਂ ਗੱਲਾਂ 'ਤੇ ਸੀਟੀ ਵਜਾਉਂਦੇ ਅਤੇ ਕਹਿੰਦੇ ਹਨ ਕਿ 'ਦਿਲ ਮਾਂਗੇ ਮੋਰ'। ਸਿਆਸੀ ਚਰਚਾ ਵਿੱਚ ਇਸ ਗਿਰਾਵਟ ਲਈ ਸਿਰਫ ਸਿਆਸੀ ਪਾਰਟੀਆਂ ਜ਼ਿੰਮੇਵਾਰ ਹਨ। ਅਜਿਹੇ ਸ਼ਬਦਾਂ 'ਤੇ ਪਾਰਟੀਆਂ ਵੱਲੋਂ ਪਾਬੰਦੀ ਲਾਈ ਜਾਣੀ ਚਾਹੀਦੀ ਹੈ ਅਤੇ ਅਜਿਹੀ ਮੰਗ ਵੀ ਕੀਤੀ ਜਾਂਦੀ ਹੈ। ਨਾਲ ਹੀ ਚੋਣ ਕਮਿਸ਼ਨ ਨੂੰ ਸ਼ਿਕਾਇਤ ਵੀ ਕੀਤੀ ਜਾਂਦੀ ਹੈ, ਪਰ ਆਪਣੀਆਂ ਪਾਰਟੀਆਂ ਦੇ ਨੇਤਾਵਾਂ ਬਾਰੇ ਉਨ੍ਹਾਂ ਦੇ ਇਹ ਵਿਚਾਰ ਨਹੀਂ ਹੁੰਦੇ।

ਚੋਣ ਕਮਿਸ਼ਨ ਵੀ ਇਹੋ ਜਿਹੇ ਭਾਸ਼ਣਾਂ ਦੇ ਵਿਰੁੱਧ ਦੋ-ਤਿੰਨ ਦਿਨਾਂ ਤੱਕ ਚੋਣ ਪ੍ਰਚਾਰ 'ਤੇ ਪਾਬੰਦੀ ਲਾਉਣ ਜਾਂ ਚਿਤਾਵਨੀ ਦੇਣ ਤੋਂ ਵੱਧ ਕੁਝ ਨਹੀਂ ਕਰ ਸਕਦਾ। ਫਿਰ ਦੋਸ਼ ਕਿਸ ਦਾ ਹੈ? ਸਾਡੇ ਨੇਤਾ ਅਪਸ਼ਬਦਾਂ ਦੀ ਵਰਤੋਂ ਦੇ ਮਾਹਰ ਹਨ ਅਤੇ ਉਹ ਕਈ ਸਾਲਾਂ ਤੋਂ ਸਮਾਜ ਵਿੱਚ ਜ਼ਹਿਰ ਫੈਲਾ ਰਹੇ ਹਨ ਅਤੇ ਇਹ ਸਭ ਕੁਝ ਵੋਟ ਬੈਂਕ ਦੀ ਰਾਜਨੀਤੀ ਲਈ ਕੀਤਾ ਜਾ ਰਿਹਾ ਹੈ। ਹਿੰਦੂਆਂ ਨੂੰ ਮੁਸਲਮਾਨਾਂ ਦੇ ਵਿਰੁੱਧ ਅਤੇ ਵੱਖ-ਵੱਖ ਜਾਤੀਆਂ ਨੂੰ ਇੱਕ ਦੂਜੇ ਦੇ ਵਿਰੁੱਧ ਖੜ੍ਹਾ ਕੀਤਾ ਜਾ ਰਿਹਾ ਹੈ, ਪਰ ਕੋਈ ਇਸ ਬਾਰੇ ਵਿਚਾਰ ਨਹੀਂ ਕਰਦਾ ਕਿ ਉਨ੍ਹਾਂ ਦੀ ਸਿਆਸੀ ਚਰਚਾ ਜ਼ਹਿਰੀਲੀ ਕਿਉਂ ਹੋ ਰਹੀ ਹੈ? ਕੀ ਅਜਿਹੀ ਭਾਸ਼ਾ ਅਤੇ ਵਤੀਰੇ ਨੂੰ ਮੁਆਫ ਕੀਤਾ ਜਾ ਸਕਦਾ ਹੈ। ਇਹ ਸੱਚ ਹੈ ਕਿ ਚੋਣ ਭਾਸ਼ਣ ਵੋਟਰਾਂ ਨੂੰ ਲੁਭਾਉਣ ਲਈ ਦਿੱਤੇ ਜਾਂਦੇ ਹਨ। ਕੁਝ ਅਤਿਕਥਨੀ ਦੀਆਂ ਗੱਲਾਂ ਕਹੀਆਂ ਜਾਂਦੀਆਂ ਹਨ ਤੇ ਜੋਸ਼ੀਲੇ ਨਾਅਰੇ ਲਾਏ ਜਾਂਦੇ ਹਨ। ਕਈ ਵਾਰ ਹਾਸੇ ਅਤੇ ਵਿਅੰਗ ਦੀ ਵੀ ਵਰਤੋਂ ਹੁੰਦੀ ਹੈ, ਪਰ ਠਾਕੁਰ, ਵਰਮਾ ਅਤੇ ਸ਼ਰਜੀਲ ਆਦਿ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਉਨ੍ਹਾਂ ਦਾ ਉਦੇਸ਼ ਆਪਣੇ ਵਿਰੋਧੀਆਂ 'ਤੇ ਬੜ੍ਹਤ ਹਾਸਲ ਕਰਨਾ ਅਤੇ ਵੋਟਰਾਂ ਨੂੰ ਆਪਣੇ ਪੱਖ ਵਿੱਚ ਭੜਕਾਉਣਾ ਹੁੰਦਾ ਹੈ ਅਤੇ ਕੁਝ ਲੋਕ ਇਸ ਨੂੰ ਸਿਆਸੀ ਚਰਚਾ ਦਾ ਅੰਗ ਕਹਿ ਸਕਦੇ ਹਨ, ਪਰ ਦਿੱਲੀ ਵਿੱਚ ਇੱਕ ਪਾਸੇ ਭਾਜਪਾ ਅਤੇ ਆਪ ਵਿਚਾਲੇ ਅਤੇ ਦੂਜੇ ਪਾਸੇ ਨਾਗਰਿਕਤਾ ਸੋਧ ਕਾਨੂੰਨ ਨੂੰ ਲੈ ਕੇ ਭਾਜਪਾ ਅਤੇ ਪੂਰੀ ਵਿਰੋਧੀ ਧਿਰ ਵਿਚਾਲੇ ਚੱਲ ਰਹੀ ਤੂ-ਤੂ, ਮੈਂ-ਮੈਂ ਵਿੱਚ ਇਹ ਫਿਰਕੂ ਰੰਗ ਲੈ ਲੈਂਦਾ ਹੈ।

ਇਸ ਤੂ-ਤੂ, ਮੈਂ-ਮੈਂ ਵਿੱਚ ਕੋਈ ਵੀ ਪਾਕ-ਸਾਫ ਨਹੀਂ ਹੈ ਤੇ ਇਹ ਸਾਡੀ ਰਾਜਨੀਤੀ ਦੀ ਕੌੜੀ ਸੱਚਾਈ ਹੈ ਅਤੇ ਇਹ ਦੱਸਦਾ ਹੈ ਕਿ ਸਾਡੀ ਰਾਜਨੀਤੀ ਵਿੱਚ ਕਿੰਨੀ ਗਿਰਾਵਟ ਆ ਗਈ ਹੈ, ਜਿਸ ਕਾਰਨ ਸਹੀ ਅਤੇ ਗਲਤ ਸਿਆਸੀ ਹਲੀਮੀ ਅਤੇ ਸ਼ਾਨ ਵਿਚਾਲੇ ਦੀ ਲਕੀਰ ਮਿਟ ਗਈ ਹੈ ਅਤੇ ਸਿਆਸਤ ਗਟਰ ਦੇ ਪੱਧਰ ਤੱਕ ਡਿੱਗ ਚੁੱਕੀ ਹੈ। ਅੱਜ ਹਰੇਕ ਸਿਆਸੀ ਪਾਰਟੀ ਵੱਲੋਂ ਗਾਲੀ ਗਲੋਚ ਅਤੇ ਅਪਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਇਹ ਨਵੇਂ ਵੋਟ ਕੈਚਿੰਗ ਮੰਤਰ ਬਣ ਗਏ ਹਨ। ਹਰ ਕੋਈ ਸੁਹਿਰਦਤਾ ਦੀ ਆਪਣੀ ਪਰਿਭਾਸ਼ਾ ਦਿੰਦਾ ਹੈ, ਜੋ ਉਸ ਦੀਆਂ ਸੌੜੀਆਂ ਸਿਆਸੀ ਜ਼ਰੂਰਤਾਂ 'ਤੇ ਨਿਰਭਰ ਕਰਦੀ ਹੈ ਅਤੇ ਆਸ ਕਰਦੇ ਹਾਂ ਕਿ ਇਸ ਨਾਲ ਉਨ੍ਹਾਂ ਨੂੰ ਸਿਆਸੀ ਤ੍ਰਿਪਤੀ ਅਤੇ ਸੱਤਾ ਮਿਲੇਗੀ। ਉਨ੍ਹਾਂ ਲਈ ਟੀਚਾ ਮਹੱਤਵਪੂਰਨੇ ਹੈ, ਸਾਧਨ ਨਹੀਂ ਅਤੇ ਜਿੱਤਣਾ ਹੀ ਖੇਡ ਦਾ ਨਾਂਅ ਹੈ।

ਅੱਜ ਚੋਣ ਕਮਿਸ਼ਨ ਠਾਕੁਰ ਤੇ ਵਰਮਾ ਨੂੰ ਅਸਥਾਈ ਤੌਰ 'ਤੇ ਚੋਣ ਪ੍ਰਚਾਰ ਤੋਂ ਦੂਰ ਰੱਖ ਸਕਦਾ ਹੈ, ਪਰ ਕੀ ਇਸ ਨਾਲ ਇਹ ਰੁਕੇਗਾ? ਬਿਲਕੁਲ ਨਹੀਂ, ਕਿਉਂਕਿ ਸਾਰੇ ਇੱਕੋ ਰੰਗ 'ਚ ਰੰਗੇ ਹੋਏ ਹਨ, ਭਾਵੇਂ ਭਾਜਪਾ ਹੋਵੇ, ਕਾਂਗਰਸ ਜਾਂ ਕੋਈ ਹੋਰ ਪਾਰਟੀ। ਬੀਤੇ ਸਾਲਾਂ ਵਿੱਚ ਗਾਲੀ ਗਲੋਚ ਇੱਕ ਗੁਣ ਬਣ ਗਿਆ ਹੈ ਅਤੇ ਗੈਰ ਪਾਰਲੀਮੈਂਟਰੀ ਭਾਸ਼ਾ ਪ੍ਰਚੱਲਿਤ ਹੋ ਗਈ ਹੈ। ਦੂਜੇ ਪਾਸੇ ਸਾਰੀਆਂ ਸਿਆਸੀ ਧਿਰਾਂ ਨੇ ਵਿਵਸਥਾ ਦੀਆਂ ਖਾਮੀਆਂ ਨੂੰ ਪੇਸ਼ ਕੀਤਾ ਹੈ। ਇਹ ਸਾਰੇ ਸਿਆਸੀ ਦਲ ਅੱਖ ਦੇ ਬਦਲੇ ਅੱਖ ਅਤੇ ਦੰਦ ਦੇ ਬਦਲੇ ਦੰਦ ਵਿੱਚ ਵਿਸ਼ਵਾਸੇ ਕਰਦੇ ਹਨ। ਉਹ ਕਾਨੂੰਨ ਵੱਲੋਂ ਸ਼ਾਸਨ ਕਰਨ ਅਤੇ 'ਜਿਸ ਕੀ ਲਾਠੀ, ਉਸੀ ਕੀ ਭੈਂਸ' ਵਿੱਚ ਵਿਸ਼ਵਾਸ ਕਰਦੇ ਹਨ। ਗਾਲੀ ਗਲੋਚ ਅਤੇ ਸਿਆਸੀ ਕੰਮ ਨੂੰ ਸਾਧਣਾ ਸਾਡੀ ਵਿਵਸਥਾ ਦੇ ਦੀਵਾਲੀਏਪਣ ਨੂੰ ਪੇਸ਼ ਕਰਦਾ ਹੈ, ਜਿਸ ਵਿੱਚ ਸਾਡੇ ਨੇਤਾਵਾਂ ਨੇ ਡਿੱਗੀ ਹੋਈ ਨੈਤਿਕਤਾ ਅਤੇ ਉਚੇ ਲਾਲਚ ਵਿੱਚ ਮੁਹਾਰਤ ਹਾਸਲ ਕਰ ਲਈ ਹੈ ਅਤੇ ਜਿਸ ਕਾਰਨ ਸਾਡੀ ਖਿਲਰੀ ਰਾਜਨੀਤੀ ਹੋਰ ਵੀ ਗੰਦੀ ਹੋ ਗਈ ਹੈ। ਸਿੱਟੇ ਵਜੋਂ ਅਨੈਤਿਕਤਾ ਜੀਵਨਸ਼ੈਲੀ ਬਣ ਗਈ ਹੈ। ਇੱਕ ਹੋਰ ਗਾਲ੍ਹ ਨਾਲ ਕੀ ਫਰਕ ਪੈਂਦਾ ਹੈ?

ਇਹ ਸੱਚ ਹੈ ਕਿ ਸਖਤ ਸ਼ਬਦ ਸਿਆ-ਸਤ ਦੇ ਅੰਗ ਰਹੇ ਹਨ ਅਤੇ ਇਥੋਂ ਤੱਕ ਕਿ ਪਾਰਲੀਮੈਂਟਰੀ ਚਰਚਾ ਦੀ ਮਾਂ ਵੈਸਟਮਿੰਸਟਰ ਵੀ ਇਸ ਤੋਂ ਅਛੂਤੀ ਨਹੀਂ। ਇਸ ਮਾਮਲੇ ਵਿੱਚ ਲੇਬਰ ਪਾਰਟੀ ਦੇ ਨੇਤਾ ਮੇਬੇਵਨ ਤੇ ਵਿੰਸਟਨ ਚਰਚਿਲ ਦੀ ਤੂ-ਤੂ, ਮੈਂ-ਮੈਂ ਪ੍ਰਸਿੱਧ ਹੈ, ਜਿਸ ਵਿੱਚ ਉਹ ਕੰਜਰਵੇਟਿਵ ਨੇਤਾਵਾਂ ਨੂੰ ਨਾਲੀ ਦਾ ਕੀੜਾ ਕਹਿੰਦੇ ਹਨ। ਅੱਜ ਭਾਰਤ ਨੈਤਿਕ ਚੌਰਾਹੇ 'ਤੇ ਹੈ। ਖੇਡ ਦੇ ਨਿਯਮ ਭਵਿੱਖ ਨੂੰ ਧਿਆਨ ਵਿੱਚ ਰੱਖੇ ਬਿਨਾਂ ਗੈਰ-ਵਿਵੇਕਪੂਰਨ ਢੰਗ ਨਾਲ ਬਦਲ ਦਿੱਤੇ ਗਏ ਹਨ ਤੇ ਮੌਜੂਦਾ ਸਮੇਂ ਵਿੱਚ ਸਭ ਪਾਸੇ ਗਿਰਾਵਟ ਦੇਖਣ ਨੂੰ ਮਿਲ ਰਹੀ ਹੈ। ਲੋਕਾਂ ਵਿੱਚ ਨਿਰਾਸ਼ਾ ਹੈ। ਇਸ ਲਈ ਸਾਡੇ ਨੇਤਾਵਾਂ ਨੂੰ ਸਮਝਣਾ ਚਾਹੀਦਾ ਹੈ ਕਿ ਉਹ ਗਾਲੀ ਗਲੋਚ ਨੂੰ ਮਹੱਤਵ ਦੇ ਰਹੇ ਹਨ। ਇਸ 'ਤੇ ਰੋਕ ਲਾਉਣੀ ਹੋਵੇਗੀ। ਅਨੈਤਿਕਤਾ ਭਾਰਤੀ ਲੋਕਤੰਤਰ ਦਾ ਆਧਾਰ ਨਹੀਂ ਹੋ ਸਕਦੀ। ਅਸੀਂ ਕਦੋਂ ਤੱਕ ਅਜਿਹੀਆਂ ਗਾਲ੍ਹਾਂ ਸੁਣਦੇ ਰਹਾਂਗੇ?

ਤੁਸੀਂ ਕਹਿ ਸਕਦੇ ਹੋ ਕਿ ਚੋਣਾਂ ਵਿੱਚ ਸਭ ਕੁਝ ਜਾਇਜ਼ ਹੈ। ਫਿਰ ਵੀ ਸਾਨੂੰ ਲਕਛਮਣ ਰੇਖਾ ਖਿੱਚਣੀ ਪਵੇਗੀ। ਸਿਆਸੀ ਪ੍ਰਣਾਲੀ ਅਤੇ ਮੌਜੂਦਾ ਸਿਆਸੀ ਕਦਰਾਂ ਕੀਮਤਾਂ ਵਿੱਚ ਬਦਲਾਅ ਲਈ ਆਉਣ ਵਾਲੇ ਸਮੇਂ ਵਿੱਚ ਲੰਮਾ ਸੰਘਰਸ਼ ਕਰਨਾ ਪਵੇਗਾ। ਸਾਡੇ ਨੇਤਾਵਾਂ ਨੂੰ ਚੋਣ ਪ੍ਰਚਾਰ ਨੂੰ ਮੁੜ ਰਾਸ਼ਟਰ ਨੂੰ ਪ੍ਰਭਾਵਿਤ ਕਰ ਰਹੇ ਮੁੱਦਿਆਂ 'ਤੇ ਸ਼ਾਨਾ ਮੱਤੀ ਬਹਿਸ ਨੂੰ ਪਟੜੀ 'ਤੇ ਲਿਆਉਣਾ ਪਵੇਗਾ। ਕੁੱਲ ਮਿਲਾ ਕੇ ਭਾਰਤ ਦੇ ਵੋਟਰਾਂ ਨੂੰ ਆਪਣੇ ਨਾਲ ਅਜਿਹਾ ਖਿਲਵਾੜ ਨਹੀਂ ਹੋਣ ਦੇਣਾ ਚਾਹੀਦਾ ਅਤੇ ਨਾ ਉਨ੍ਹਾਂ ਨੂੰ ਨਿਰਲੱਜ ਤੇ ਸੁਆਰਥੀ ਨੇਤਾਵਾਂ ਨੂੰ ਹਿੰਸਕ ਗਾਲੀ ਗਲੋਚ ਦੀ ਇਜਾਜ਼ਤ ਦੇਣੀ ਚਾਹੀਦੀ ਹੈ। ਨੇਤਾਵਾਂ ਨੂੰ ਇਹ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਤੁਸੀਂ ਕਿਸੇ ਵੱਲ ਇੱਕ ਉਂਗਲੀ ਉਠਾਓਗੇ ਤਾਂ ਤੁਹਾਡੇ ਵੱਲ ਚਾਰ ਉਂਗਲੀਆਂ ਉਠਣਗੀਆਂ। ਕੀ ਕੋਈ ਦੇਸ਼ ਸ਼ਰਮ ਅਤੇ ਨੈਤਿਕਤਾ ਦੇ ਬਿਨਾਂ ਰਹਿ ਸਕਦਾ ਹੈ ਅਤੇ ਕਦੋਂ ਤੱਕ?

# ਵਿਰੋਧੀਆਂ ਨੂੰ ਕੁਚਲਣ ਲਈ ਪੁਲਸ ਅਤੇ ਸਰਕਾਰੀ ਏਜੰਸੀਆਂ ਦੀ ਵਰਤੋਂ

-ਵਿਪਿਨ ਪੱਬੀ

ਪੁਲਸ ਤੇ ਹੋਰ ਸਰਕਾਰੀ ਏਜੰਸੀਆਂ ਦੀ ਵਰਤੋਂ ਆਪਣੇ ਵਿਰੋਧੀਆਂ ਨੂੰ ਕੁਚਲਣ ਲਈ ਕਰਨਾ ਸਰਕਾਰਾਂ ਤੇ ਹਾਕਮ ਪਾਰਟੀਆਂ ਲਈ ਕੋਈ ਓਪਰੀ ਗੱਲ ਨਹੀਂ। ਇਹ ਕੋਈ ਨਿਆਂ ਵਾਲੀ ਗੱਲ ਨਹੀਂ ਕਿ ਕੇਂਦਰ ਵਿੱਚ ਮੌਜੂਦਾ ਸਰਕਾਰ ਅਤੇ ਭਾਜਪਾ ਦੀਆਂ ਰਾਜ ਸਰਕਾਰਾਂ ਸਭ ਹੱਦਾਂ ਲੰਘ ਚੁੱਕੀਆਂ ਹਨ। ਮਨਮਰਜ਼ੀ ਕਰਨ ਦੀ ਤਾਜ਼ਾ ਮਿਸਾਲ, ਜਿਸ ਨੇ ਪੂਰੇ ਦੇਸ਼ ਤੇ ਵਿਦੇਸ਼ ਨੂੰ ਝੰਜੋੜ ਦਿੱਤਾ, ਉਹ ਇਹ ਹੈ ਕਿ ਇੱਕ ਰਾਜ-ਧ੍ਰੋਹ ਦਾ ਮਾਮਲਾ ਕਰਨ-ਾਟਕ ਦੇ ਬਿਦਰ ਵਿੱਚ ਇੱਕ ਦੂਰ ਦੁਰ-ਾਡੇ ਇਲਾਕੇ ਦੇ ਸਕੂਲ ਵਿੱਚ ਖੇਡੇ ਗਏ ਨਾਟਕ ਲਈ ਦਰਜ ਕੀਤਾ ਗਿਆ ਹੈ। ਸਕੂਲ ਦੇ ਪ੍ਰਿੰਸੀਪਲ ਅਤੇ ਨੌਂ ਸਾਲਾ ਬੱਚੀ ਨੂੰ ਹਿਰਾਸਤ ਵਿੱਚ ਲੈ ਕੇ ਪੁਲਸ ਰਿਮਾਂਡ 'ਤੇ ਭੇਜਿਆ ਗਿਆ ਹੈ। ਉਨ੍ਹਾਂ ਉੱਤੇ ਦੇਸ਼-ਧਰੋਹ ਦਾ ਦੋਸ਼ ਲਾਇਆ ਗਿਆ ਹੈ। ਇਸ ਵਿਵਸਥਾ ਹੇਠ ਉਨ੍ਹਾਂ ਦੀ ਗ੍ਰਿਫਤਾਰੀ ਹੋ ਸਕਦੀ ਹੈ। ਬ੍ਰਿਟਿਸ਼ ਸਾਮਰਾਜ ਵੱਲੋਂ ਬਣਾਏ ਪ੍ਰਾਚੀਨ ਐਕਟ ਦੀਆਂ ਵਿਵਸਥਾਵਾਂ ਹੇਠ ਇਸ ਦੀ ਵਰਤੋਂ ਆਜ਼ਾਦੀ ਅੰਦੋਲਨ ਕੁਚਲਣ ਲਈ ਕੀਤੀ ਗਈ ਸੀ। ਸ਼ਬਦਾਂ ਰਾਹੀਂ, ਭਾਸ਼ਾ ਰਾਹੀਂ, ਲਿਖਤੀ ਰੂਪ, ਸੰਕੇਤਾਂ ਰਾਹੀਂ, ਪ੍ਰਤੱਖ ਪ੍ਰਤੀਨਿਧਤਾ ਰਾਹੀਂ ਕੋਈ ਵੀ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਆਵਾਜ਼ ਬੁਲੰਦ ਨਹੀਂ ਕਰ ਸਕਦਾ ਸੀ। ਇਸ ਤੋਂ ਇਲਾਵਾ ਨਫਰਤ, ਉਲੰਘਣਾ, ਭੜਕਾਉਣਾ ਜਾਂ ਸਰਕਾਰ ਵਿਰੁੱਧ ਬੇਚੈਨੀ ਫੈਲਾਉਣ ਦੇ ਯਤਨ ਹੋ ਸਕਦੇ ਹਨ। ਇਸ ਕਾਨੂੰਨ ਦੀ ਉਲੰਘਣਾ



ਕਰਨ ਵਾਲਿਆਂ ਨੂੰ ਸਜ਼ਾ ਜਾਂ ਜ਼ਿੰਦਗੀ ਭਰ ਲਈ ਜੇਲ੍ਹ ਵਿੱਚ ਡੱਕਿਆ ਜਾ ਸਕਦਾ ਹੈ।

ਸਕੂਲ ਪ੍ਰਸ਼ਾਸਨ ਵੱਲੋਂ ਉਲੰਘਣਾ ਦੇ ਤਹਿਤ ਉਸ 'ਤੇ ਦੋਸ਼ ਲਾਉਣਾ ਕੋਈ ਖਾਸ ਗੱਲ ਨਹੀਂ ਸੀ, ਪਰ ਨੌਂ ਸਾਲ ਦੀ ਉਮਰ ਦੇ ਕਈ ਬੱਚਿਆਂ ਤੋਂ ਵਰਦੀਧਾਰੀ ਪੁਲਸ ਵਾਲਿਆਂ ਨੇ ਸਕੂਲ ਕੰਪਲੈਕਸ ਵਿੱਚ ਪੰਜ ਘੰਟਿਆਂ ਤੱਕ ਪੁੱਛਗਿੱਛ ਕੀਤੀ ਹੈ। ਉਨ੍ਹਾਂ ਤੋਂ ਰੋਜ਼ਾਨਾ ਪੁੱਛਗਿੱਛ ਦੌਰਾਨ ਇਹ ਸਵਾਲ ਕੀਤਾ ਗਿਆ ਕਿ ਕਿਸ ਨੇ ਇਸ ਨਾਟਕ ਨੂੰ ਲਿਖਿਆ ਸੀ ਅਤੇ ਉਨ੍ਹਾਂ ਦੇ ਅਧਿਆਪਕਾਂ ਨੇ ਉਨ੍ਹਾਂ ਨੂੰ ਕੀ ਕਰਨ ਲਈ ਕਿਹਾ ਸੀ। ਕਾਨੂੰਨ ਮੁਤਾਬਕ ਨਾਬਾਲਗ ਦੋਸ਼ੀ, ਜਿਸ ਵਿੱਚ ਬਲਾਤਕਾਰੀ ਵੀ ਸ਼ਾਮਲ ਹਨ, ਪੁਲਸ ਵੱਲੋਂ ਜਾਂਚੇ ਨਹੀਂ ਜਾਂਦੇ ਤੇ ਨਾ ਉਨ੍ਹਾਂ ਨੂੰ ਲਗਾਤਾਰ ਜੇਲ੍ਹਾਂ 'ਚ ਰੱਖਿਆ ਜਾਂਦਾ ਹੈ, ਪਰ ਇਥੇ ਕਰਨਾਟਕ ਪੁਲਸ ਨੇ ਸਾਰੀਆਂ ਹੱਦਾਂ ਲੰਘਦੇ ਹੋਏ ਵਰਦੀਧਾਰੀ ਪੁਲਸ ਅਧਿਕਾਰੀਆਂ ਦੇ ਡਰ ਨੂੰ ਛੋਟੇ-ਛੋਟੇ ਬੱਚਿਆਂ ਦੇ ਮਨਾਂ ਵਿੱਚ ਪਾ ਦਿੱਤਾ ਹੈ। ਅਜਿਹੇ ਬੱਚਿਆਂ ਨੂੰ ਇਹ ਵੀ ਨਹੀਂ ਪਤਾ ਹੋਵੇਗਾ ਕਿ ਆਖਰ ਦੇਸ਼ ਧ੍ਰੋਹ ਕਾਨੂੰਨ ਹੁੰਦਾ ਕੀ ਹੈ?

ਇਸ ਦੇਸ਼ ਦੀ ਤ੍ਰਾਸਦੀ ਦੇਖੋ ਕਿ ਪਿੱਛੇ ਜਿਹੇ ਵਿੱਚ ਅਜਿਹੀਆਂ ਖਬਰਾਂ ਆਈਆਂ ਹਨ ਕਿ ਗੁਜਰਾਤ ਦੇ ਸਕੂਲੀ ਬੱਚਿਆਂ ਨੂੰ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਉਹ ਸੀ ਏ ਏ (ਨਾਗਰਿਕਤਾ ਸੋਧ ਕਾਨੂੰਨ) ਦੀ ਸ਼ਲਾਘਾ ਵਿੱਚ ਇੱਕ ਪੋਸਟ ਕਾਰਡ ਲਿਖਣ। ਇਹ ਪੋਸਟ ਕਾਰਡ ਸਾਫ ਲਿਖਾਈ ਵਿੱਚ ਹੋਣਾ ਚਾਹੀਦਾ ਹੈ ਅਤੇ ਇਸ ਨੂੰ ਪ੍ਰਧਾਨ ਮੰਤਰੀ ਦਫਤਰ ਨੂੰ ਭੇਜਿਆ ਜਾਣਾ ਚਾਹੀਦਾ ਹੈ। ਅਜਿਹੀਆਂ ਰਿਪੋਰਟਾਂ ਨੂੰ ਸਰਕਾਰ ਨੇ ਬਾਅਦ ਵਿੱਚ ਨਕਾਰ ਦਿੱਤਾ। ਬਿਦਰ ਦੇ ਸਕੂਲ ਵਿੱਚ ਖੇਡੇ ਗਏ ਨਾਟਕ ਵਿੱਚ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦੇ ਵਿਰੁੱਧ ਭੱਦੀ ਭਾਸ਼ਾ ਦੀ ਵਰਤੋਂ ਕੀਤੀ ਗਈ ਹੈ। ਇਸ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਰੁੱਧ ਵੀ ਅਪਮਾਨ ਜਨਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਸੀ। ਇਸੇ ਕਾਰਨ ਪੁਲਸ ਨੇ ਛੇਵੀਂ ਤੋਂ ਅੱਠਵੀਂ ਜਮਾਤ ਦੇ ਸਕੂਲੀ ਵਿਦਿਆਰਥੀਆਂ 'ਤੇ ਦਹਿਸ਼ਤ ਦਾ ਡੰਡਾ ਚਲਾਇਆ, ਜਿਨ੍ਹਾਂ ਦਾ ਅਪਰਾਧ ਸਿਰਫ ਇਹ ਸੀ ਕਿ ਉਨ੍ਹਾਂ ਨੇ ਇੱਕ ਨਾਟਕ ਵਿੱਚ ਸੀ ਏ ਏ ਦੀ ਆਲੋਚਨਾ ਕੀਤੀ ਹੈ।

ਗ੍ਰਿਫਤਾਰ ਕੀਤੀ ਗਈ ਬੱਚੀ ਦੀ ਮਾਂ ਨੇ ਇਸ ਨਾਟਕ ਦੇ ਡਾਇਲਾਗ ਵਿੱਚ ਇੱਕ ਸੰਦਰਭ ਸ਼ਾਮਲ ਕੀਤਾ ਹੈ। ਉਹ ਬੱਚੀ ਇੱਕ ਗੁਆਂਢੀ ਦੀ ਨਿਗਰਾਨੀ ਵਿੱਚ ਹੈ, ਕਿਉਂਕਿ ਉਹ ਦੇਸ਼ ਵਿਰੁੱਧ ਦੇਸ਼ ਧ੍ਰੋਹ ਦੇ ਦੋਸ਼ ਝੱਲ ਰਹੀ ਹੈ। ਉਥੇ ਸਰਪ੍ਰਸਤਾਂ ਤੇ ਸਮਾਜਕ ਵਰਕਰਾਂ ਦੇ ਕਈ ਸੰਗਠਨਾਂ ਨੇ ਇਸ ਮੁੱਦੇ ਨੂੰ ਉਠਾਇਆ ਤੇ ਬਿਦਰ ਪੁਲਸ ਦੀ ਕਾਰਵਾਈ ਦੀ ਜ਼ੋਰਦਾਰ ਆਲੋਚਨਾ ਕੀਤੀ ਹੈ। ਪ੍ਰਸ਼ਾਸਨ ਨੂੰ ਲਿਖੇ ਖੁੱਲ੍ਹੇ ਖ਼ਤ 'ਚ ਇਨ੍ਹਾਂ ਸੰਗਠਨਾਂ ਨੇ ਕੇਸ ਤੁਰੰਤ ਹੀ ਵਾਪਸ ਲੈਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਇਹ ਵੀ ਮੰਗ ਕੀਤੀ ਹੈ ਕਿ ਬੱਚੀ ਦੀ ਮਾਤਾ ਤੇ ਸਕੂਲ ਦੇ ਪ੍ਰਿੰਸੀਪਲ ਨੂੰ ਰਿਹਾਅ ਕੀਤਾ ਜਾਵੇ। ਪੱਤਰ ਲਿਖਣ ਵਾਲੇ ਗਰੁੱਪ ਨੇ ਆਪਣੇ ਆਪ ਨੂੰ ਸ਼ਾਂਤੀ, ਨਿਆਂ ਅਤੇ ਅਨੇਕਤਾ ਦੇ ਵਾਰਸ ਸਿਰਲੇਖ ਨਾਲ ਸੰਬੋਧਨ ਕੀਤਾ ਹੈ ਅਤੇ ਕਿਹਾ ਹੈ ਕਿ ਇਹ ਅੱਲ੍ਹੜਾਂ ਲਈ ਨਿਆਂ ਐਕਟ (2015) ਦੀ ਜ਼ਬਰਦਸਤ ਉਲੰਘਣਾ ਹੈ। ਪੁਲਸ ਨੇ ਲਗਾਤਾਰ ਸਕੂਲੀ ਬੱਚਿਆਂ ਦੇ ਸਰਪ੍ਰਸਤਾਂ ਦੀ ਗੈਰ ਹਾਜ਼ਰੀ ਵਿੱਚ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਹੈ। ਉਨ੍ਹਾਂ ਨੇ ਪੱਤਰ ਵਿੱਚ ਦੋਸ਼ ਲਾਇਆ ਕਿ ਇਹ ਬਿਦਰ ਪੁਲਸ ਦਾ ਅਣਨੁੱਖੀ ਅਤੇ ਗੈਰ ਕਾਨੂੰਨੀ ਕਾਰਾ ਹੈ। ਪੱਤਰ ਵਿੱਚ ਅੱਗੇ ਲਿਖਿਆ ਗਿਆ ਹੈ ਕਿ ਜੇ ਇਥੇ ਕੋਈ ਅਜਿਹੀ ਸ਼ੰਕਾ ਹੈ ਕਿ ਪੁਲਸ ਵਿਭਾਗ ਦੀ ਵਰਤੋਂ ਸੱਤਾਧਾਰੀ ਲੋਕ ਇੱਕ ਹਥਿਆਰ ਦੇ ਤੌਰ 'ਤੇ ਕਰ ਰਹੇ ਹਨ ਤਾਂ ਇਸ ਮਾਮਲੇ ਨੂੰ ਤੁਰੰਤ ਬੰਦ ਕਰ ਦਿੱਤਾ ਜਾਵੇ। ਪੁਲਸ ਸਥਾਈ ਸਰਕਾਰ ਦੇ ਹੁਕਮਾਂ ਦੇ ਅਧੀਨ ਕੰਮ ਕਰ ਰਹੀ ਹੈ ਅਤੇ ਸੀ ਏ ਏ ਅਤੇ ਐਨ ਆਰ ਸੀ ਦੇ ਵਿਰੁੱਧ ਰੋਸ ਨੂੰ ਦਬਾਉਣ ਲਈ ਇੱਕ ਪ੍ਰਾਚੀਨ ਦੇਸ਼ਧ੍ਰੋਹ ਕਾਨੂੰਨ ਦੀ ਵਰਤੋਂ ਕਰਦੀ ਹੈ। ਅਸੀਂ ਨਹੀਂ ਚਾਹੁੰਦੇ ਕਿ ਸਾਡੇ ਬੱਚੇ ਦਹਿਸ਼ਤ ਦੇ ਪ੍ਰਛਾਵੇਂ ਹੇਠ ਪਲਣ ਵਧਣ।

ਦੇਸ਼ ਧ੍ਰੋਹ ਦੇ ਅਜੀਬ ਦੋਸ਼ਾਂ ਦਾ ਇਹ ਤਾਜ਼ਾ ਕੇਸ ਹੈ, ਜਿਸ ਵਿੱਚ ਲੇਖਕ, ਫਿਲਮ ਨਿਰਮਾਤਾ, ਕਵੀ, ਪੱਤਰਕਾਰ, ਰਾਜਨੇਤਾ, ਸਮਾਜਕ ਵਰਕਰ ਅਤੇ ਬੁੱਧੀਜੀਵੀ ਸ਼ਾਮਲ ਹਨ। ਕੁਝ ਮਹੀਨੇ ਪਹਿਲਾਂ 49 ਪ੍ਰਸਿੱਧ ਵਿਅਕਤੀਆਂ ਨੂੰ ਰਾਜਧ੍ਰੋਹ ਲਈ ਬੁਕ ਕੀਤਾ ਗਿਆ ਸੀ। ਇਨ੍ਹਾਂ ਵਿਸ਼ੇਸ਼ ਵਿਅਕਤੀਆਂ ਵਿੱਚ ਇਤਿਹਾਸਕਾਰ ਰਾਮਚੰਦਰ ਗੁਹਾ, ਕੋਂਕਣਾ ਸੇਨ ਸ਼ਰਮਾ, ਫਿਲਮਮੇਕਰ ਮਣੀਰਤਨਮ ਤੇ ਅਪਰਣਾ ਸੇਨ ਸ਼ਾਮਲ ਸਨ। ਉਨ੍ਹਾਂ ਨੇ ਵੀ ਪ੍ਰਧਾਨ ਮੰਤਰੀ ਮੋਦੀ ਨੂੰ ਪਵਿੱਤਰ ਗਊ ਦੇ ਨਾਂਅ 'ਤੇ ਮੌਬ ਲਿੰਚਿੰਗ ਦੀਆਂ ਘਟਨਾਵਾਂ ਨੂੰ ਲੈ ਕੇ ਆਪਣੀਆਂ ਚਿੰਤਾਵਾਂ ਜ਼ਾਹਿਰ ਕਰਦੇ ਹੋਏ ਪੱਤਰ ਲਿਖਿਆ ਸੀ।

## ਦੁੱਧ ਪਾਊਡਰ ਬਰਫੀ



ਸਮੱਗਰੀ-ਦੁੱਧ ਪਾਊਡਰ ਇੱਕ ਕੱਪ, 1/4 ਕੱਪ ਦੁੱਧ, 1/3 ਪੀਸੀ ਹੋਈ ਖੰਡ, ਤਿੰਨ ਵੱਡੇ ਚਮਚ ਘਿਓ, ਸੁੱਕੇ ਮੇਵੇ ਇੱਕ ਵੱਡਾ ਚਮਚ ਕੱਟੇ ਹੋਏ।

ਵਿਧੀ- ਪੈਨ ਵਿੱਚ ਘਿਓ ਗਰਮ ਕਰੋ। ਇਸ ਵਿੱਚ ਦੁੱਧ ਤੇ ਦੁੱਧ ਪਾਊਡਰ ਪਾ ਕੇ ਚੰਗੀ ਤਰ੍ਹਾਂ ਨਾਲ ਮਿਲਾਓ। ਪੀਸੀ ਹੋਈ ਖੰਡ ਮਿਲਾਓ। ਮਿਸ਼ਰਣ ਨੂੰ ਮੱਧਮ ਸੇਕ 'ਤੇ ਹਿਲਾਉਂਦੇ ਹੋਏ ਪਕਾਓ। ਇਸ ਨੂੰ ਤਦ ਤੱਕ ਪਕਾਉਣਾ ਹੈ ਜਦ ਤੱਕ ਇਹ ਗਾੜ੍ਹਾ ਨਾ ਹੋ ਜਾਏ। ਜਦ ਇਹ ਪੈਨ ਦੀ ਤਲੀ ਛੱਡ ਦੇਵੇ ਅਤੇ ਮਿਸ਼ਰਣ ਗੁੰਨੇ ਹੋਏ ਆਟੇ ਦੀ ਤਰ੍ਹਾਂ ਗਾੜ੍ਹਾ ਹੋ ਜਾਏ ਤਾਂ ਇਸ ਨੂੰ ਚਕੋਰ ਬਰਤਨ ਵਿੱਚ ਕੱਢ ਕੇ ਜਮਾਓ। ਉਪਰੋਂ ਕੱਟੇ ਹੋਏ ਸੁੱਕੇ ਮੇਵੇ ਪਾ ਕੇ ਕੁਝ ਦੇਰ ਫਰਿਜ ਵਿੱਚ ਸੈਟ ਹੋਣ ਲਈ ਰੱਖੋ। ਸੈਟ ਹੋਣ 'ਤੇ ਇਨ੍ਹਾਂ ਨੂੰ ਕੱਟ ਕੇ ਪਰੋਸੋ।

## ਵਾਲਾਂ ਨੂੰ ਝੜਨ ਤੋਂ ਬਚਾਏ 'ਮੇਥੀ ਹੇਅਰ ਪੈਕ'

ਕਈ ਔਰਤਾਂ ਝੜਦੇ ਵਾਲਾਂ ਦੀ ਸਮੱਸਿਆ ਤੋਂ ਪ੍ਰੇਸ਼ਾਨ ਰਹਿੰਦੀਆਂ ਹਨ। ਜੇ ਵਾਲਾਂ ਦੀ ਸਹੀ ਤਰ੍ਹਾਂ ਦੇਖਭਾਲ ਕਰਨ ਪਿੱਛੋਂ ਵੀ ਇਹ ਪ੍ਰੇਸ਼ਾਨੀ ਦੂਰ ਨਹੀਂ ਹੁੰਦੀ ਤਾਂ ਤੁਸੀਂ ਘਰ ਵਿੱਚ ਮੇਥੀ ਤੋਂ ਬਣਿਆ ਹੇਅਰ ਪੈਕ ਇਸਤੇਮਾਲ ਕਰ ਸਕਦੀਆਂ ਹੋ। ਇਸ ਨਾਲ ਤੁਹਾਨੂੰ ਵਾਲ ਝੜਨ ਦੀ ਸਮੱਸਿਆ ਤੋਂ ਕਾਫੀ ਰਾਹਤ ਮਿਲੇਗੀ।



ਹੇਅਰ ਪੈਕ ਬਣਾਉਣ ਦਾ ਢੰਗ

ਵਾਲਾਂ ਦੀ ਲੰਬਾਈ ਅਨੁਸਾਰ ਇੱਕ ਜਾਂ ਦੋ ਮੁੱਠੀ ਮੇਥੀ ਦਾਣਾ ਸਾਰੀ ਰਾਤ ਪਾਣੀ ਵਿੱਚ ਭਿਉਂ ਦਿਓ। ਸਵੇਰੇ ਇਸ ਨੂੰ ਮਿਕਸੀ ਵਿੱਚ ਪੀਸ ਕੇ ਇਸ ਦਾ ਪੇਸਟ ਬਣਾ ਕੇ ਵਾਲਾਂ ਵਿੱਚ ਲਾ ਲਓ। ਇਸ ਪੇਸਟ ਨੂੰ ਤਕਰੀਬਨ ਇੱਕ ਘੰਟੇ ਤੱਕ ਵਾਲਾਂ ਵਿੱਚ ਲਗਾ ਕੇ ਰੱਖੋ ਅਤੇ ਪਿੱਛੋਂ ਇਸ ਨੂੰ ਧੋ ਲਓ। ਇਸ ਪੈਕ ਨੂੰ ਹਫਤੇ ਵਿੱਚ ਇੱਕ ਵਾਰ ਜ਼ਰੂਰ ਲਗਾਓ।

-ਪੈਕ ਲਾਉਣ ਦੇ ਫਾਇਦੇ-

ਵਾਲਾਂ ਦੀ ਗ੍ਰੋਥ ਲਈ ਮਿਨਰਲਸ, ਕੈਲਸ਼ੀਅਮ, ਪੋਟਾਸ਼ੀਅਮ, ਪ੍ਰੋਟੀਨ ਤੇ ਆਇਰਨ ਵਰਗੇ ਪੌਸ਼ਟਿਕ ਤੱਤਾਂ ਦੀ ਲੋੜ ਹੁੰਦੀ ਹੈ, ਜੋ ਮੇਥੀ ਦਾਣੇ ਵਿੱਚ ਭਰਪੂਰ ਮਾਤਰਾ ਵਿੱਚ ਹਨ। ਇਸ ਵਿੱਚ ਮੌਜੂਦ ਵਿਟਾਮਿਨ ਅਤੇ ਐਂਟੀ-ਆਕਸੀਡੈਂਟਸ ਵਾਲਾਂ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਦੇ ਹਨ। ਵਾਲਾਂ ਵਿੱਚ ਪੇਸਟ ਲਾਉਣ ਨਾਲ ਤੁਸੀਂ ਮੇਥੀ ਦਾਣੇ ਦਾ ਸੇਵਨ ਵੀ ਕਰੋ। ਇਸ ਨਾਲ ਤੁਹਾਡਾ ਹਾਜ਼ਮਾ ਬਿਹਤਰ ਹੋਵੇਗਾ ਜਿਸ ਨਾਲ ਵਾਲਾਂ ਨੂੰ ਅੰਦਰੂਨੀ ਮਜ਼ਬੂਤੀ ਮਿਲੇਗੀ ਅਤੇ ਸਮੇਂ ਤੋਂ ਪਹਿਲਾਂ ਚਿੱਟੇ ਹੋਣ ਵਾਲੇ ਵਾਲਾਂ ਦੀ ਸਮੱਸਿਆ ਵੀ ਦੂਰ ਹੋਵੇਗੀ।

## ਬਿਆਸ ਰੇਪ ਕਾਂਡ:

# ਮੁਲਜ਼ਿਮਾਂ ਨੂੰ ਸੈਸ਼ਨ ਕੋਰਟ ਪਿੱਛੋਂ ਹਾਈ ਕੋਰਟ ਤੋਂ ਵੀ ਰਾਹਤ ਨਹੀਂ ਮਿਲੀ



ਬਾਬਾ ਬਕਾਲਾ, 6 ਫਰਵਰੀ (ਪੋਸਟ ਬਿਊਰੋ)- ਬਿਆਸ ਦੇ ਇੱਕ ਨਿੱਜੀ ਸਕੂਲ ਵਿੱਚ ਹੋਏ ਰੇਪ ਕਾਂਡ ਦੀ ਬਹੁ-ਚਰਚਿਤ ਘਟਨਾ ਕਾਰਨ ਪੁਲਸ ਨੇ ਦੋਸ਼ੀ ਸਮਝੇ ਜਾਂਦੇ ਸਕੂਲ ਦੇ ਡਾਇਰੈਕਟਰ ਫਾਦਰ ਲਾਰੈਂਸ, ਪ੍ਰਿੰਸੀਪਲ ਰੋਜ਼ੀ ਅਤੇ ਇੱਕ ਸਕੂਲ ਟੀਚਰ ਵਿਰੁੱਧ ਪਹਿਲਾਂ ਤੋਂ ਦਰਜ ਕੇਸ ਵਿੱਚ ਪੋਸਕੋ ਐਕਟ ਦੀ ਧਾਰਾ ਵਧਾ ਦਿੱਤੀ ਹੈ।

ਇਸ ਸੰਬੰਧ ਵਿੱਚ ਦੋਸੀਆਂ ਨੇ ਆਪਣੀ ਅਗਾਊਂ ਜ਼ਮਾਨਤ ਜ਼ਿਲਾ ਸੈਸ਼ਨ ਜੱਜ ਅੰਮ੍ਰਿਤਸਰ ਕੋਲ ਲਾਈ ਸੀ, ਪਰ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਰੱਦ ਹੋਣ ਤੋਂ ਬਾਅਦ ਉਨ੍ਹਾਂ ਨੇ ਹਾਈ ਕੋਰਟ ਦਾ ਆਸਰਾ ਲਿਆ। ਉਥੋਂ ਵੀ ਉਨ੍ਹਾਂ ਨੂੰ ਰਾਹਤ ਨਹੀਂ ਮਿਲ ਸਕੀ, ਜਦ ਕਿ ਰੇਪ ਕਾਂਡ ਦੇ ਦੋਸ਼ੀ ਸਕੂਲ ਵਿਦਿਆਰਥੀ ਨੂੰ ਪੁਲਸ ਵੱਲੋਂ ਘਟਨਾ ਚੱਕਰ ਤੋਂ ਬਾਅਦ ਗ੍ਰਿਫਤਾਰ ਕਰ ਕੇ ਅੰਮ੍ਰਿਤਸਰ ਜੁਵੇਨਾਈਲ ਕੋਰਟ 'ਚ ਭੇਜ ਦਿੱਤਾ ਗਿਆ ਸੀ। ਪੀੜਤ ਲੜਕੀ ਦਾ ਪਰਵਾਰ ਇਸ ਘਟਨਾ ਤੋਂ ਬਾਅਦ ਗਾਇਬ ਰਿਹਾ ਅਤੇ ਉਹ ਪੁਲਸ ਪ੍ਰਸ਼ਾਸਨ ਅਤੇ ਮੀਡੀਆ ਦੇ ਰੂ-ਬ-ਰੂ ਨਹੀਂ ਹੋ ਸਕਿਆ। ਪੰਜਾਬ ਪੁਲਸ ਵੱਲੋਂ ਇਸ ਦੀ ਜਾਂਚ ਲਈ ਇੱਕ ਵਿਸ਼ੇਸ਼ ਟੀਮ (ਐਸ ਆਈ ਟੀ) ਬਣਾਈ ਗਈ ਸੀ ਅਤੇ ਕੌਮੀ ਬਾਲ ਸੁਰੱਖਿਆ ਦੀ ਮੈਂਬਰ ਨੇ ਵੀ ਇਸ ਦੀ ਬਰੀਕੀ ਨਾਲ ਜਾਂਚ ਕੀਤੀ ਸੀ, ਪਰ ਦੋਸ਼ੀ ਸਮਝੇ ਜਾਂਦੇ ਸਕੂਲ ਕਰਮਚਾਰੀ ਅਜੇ ਪੁਲਸ ਦੀ ਪਹੁੰਚ ਤੋਂ ਬਾਹਰ ਹਨ।

ਬਿਆਸ ਰੇਪ ਕਾਂਡ ਪੀੜਤ ਐਕਸ਼ਨ ਕਮੇਟੀ ਦੇ ਕਨਵੀਨਰ ਜਥੇਦਾਰ ਬਲਦੇਵ ਸਿੰਘ ਸਿਰਸਾ ਨੇ ਦੋਸ਼ ਲਾਇਆ ਕਿ ਪੁਲਸ ਜਾਣਬੁੱਝ ਕੇ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕਰ ਰਹੀ। ਉਨ੍ਹਾਂ ਦੱਸਿਆ ਕਿ ਉਕਤ ਦੋਸ਼ੀਆਂ ਦੀ ਜ਼ਿਲਾ ਸੈਸ਼ਨ ਜੱਜ ਸਰਬਜੀਤ ਸਿੰਘ ਧਾਲੀਵਾਲ ਦੀ ਅਦਾਲਤ ਵੱਲੋਂ ਅੱਠ ਤੇ 14 ਜਨਵਰੀ 2020 ਨੂੰ ਜ਼ਮਾਨਤ ਅਰਜ਼ੀ ਰੱਦ ਕੀਤੀ ਜਾ ਚੁੱਕੀ ਸੀ, ਜਿਸ 'ਤੇ ਦੋਸ਼ੀਆਂ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ, ਪਰ ਉਨ੍ਹਾਂ ਨੂੰ ਉਥੋਂ ਵੀ ਰਾਹਤ ਨਹੀਂ ਮਿਲੀ। ਪੰਜ ਫਰਵਰੀ ਨੂੰ ਸੁਣਵਾਈ ਵੇਲੇ ਪਹਿਲੀ ਵਾਰ ਪੀੜਤ ਪਰਵਾਰ ਅਦਾਲਤ ਵਿੱਚ ਪੇਸ਼ ਹੋਣ 'ਤੇ ਹਾਈ ਕੋਰਟ ਨੇ ਸੁਣਵਾਈ ਵੇਲੇ ਉਨ੍ਹਾਂ ਦੇ ਬਿਆਨ ਰਿਕਾਰਡ ਕੀਤੇ ਅਤੇ ਅੰਤਿਮ ਫੈਸਲੇ ਲਈ ਛੇ ਫਰਵਰੀ ਤਰੀਕ ਨਿਰਧਾਰਤ ਕੀਤੀ ਹੈ।

# ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਵੀਡੀਓ ਬਣਾਉਣ ਦਾ ਸਿਲਸਿਲਾ ਰੁਕ ਨਹੀਂ ਰਿਹਾ



ਅੰਮ੍ਰਿਤਸਰ, 6 ਫਰਵਰੀ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਸ਼ਰਧਾਲੂਆਂ ਨੂੰ ਤਸਵੀਰਾਂ ਖਿੱਚਣ ਅਤੇ ਵੀਡੀਓਗ੍ਰਾਫ਼ੀ ਕਰਨ ਉੱਤੇ ਪਿਛਲੇ ਇੱਕ ਸਾਲ ਤੋਂ ਪ੍ਰਬੰਧਕਾਂ ਵੱਲੋਂ ਰੋਕ ਲਾਏ ਜਾਣ ਤੋਂ ਇਲਾਵਾ ਸੇਵਾਦਾਰਾਂ ਤੇ ਇੰਚਾਰਜਾਂ ਦੀ ਵੱਡੀ ਫੌਜ ਵੀ ਤਾਇਨਾਤ ਕੀਤੀ ਹੋਈ ਹੈ, ਫਿਰ ਵੀ ਇੱਥੇ ਦਰਸ਼ਨ ਕਰਨ ਆਏ ਕਈ ਸੈਲਾਨੀਆਂ ਵੱਲੋਂ ਜਾਣਬੁੱਝ ਕੇ ਜਾਂ ਅਗਿਆਨਤਾ ਵੱਸ ਇਸ ਅਸਥਾਨ ਦੀ ਪਰਿਕਰਮਾ ਵਿੱਚ ਗਾਣਿਆਂ 'ਤੇ ਵੀਡੀਓਜ਼ ਦਾ ਫਿਲਮਾਂਕਨ ਕਰਕੇ ਸੋਸ਼ਲ ਮੀਡੀਆ 'ਤੇ ਪਾਉਣ ਦਾ ਸਿਲਸਿਲਾ ਰੁਕਣ ਦਾ ਨਾਂ ਨਹੀਂ ਲੈ ਰਿਹਾ।

ਬੀਤੀ ਨੌਂ ਜਨਵਰੀ ਨੂੰ ਇੱਕ ਲੜਕੀ ਵੱਲੋਂ ਗਾਣੇ 'ਤੇ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪਾਏ ਜਾਣ ਉਤੇ ਇਸ ਸਬੰਧੀ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਜਸਵਿੰਦਰ ਸਿੰਘ ਦੀਨਪੁਰ ਨੇ ਪੁਲਸ ਕਮਿਸ਼ਨਰ ਨੂੰ ਸ਼ਿਕਾਇਤ ਦੇ ਕੇ ਦੋਸ਼ੀ ਲੜਕੀ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਮੰਗ ਕੀਤੀ ਸੀ। ਇਸ ਤੋਂ ਕਰੀਬ 25 ਦਿਨਾਂ ਬਾਅਦ ਫਿਰ ਤਿੰਨ ਲੜਕੀਆਂ ਵੱਲੋਂ ਇੱਕ ਗੀਤ 'ਤੇ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਅਪਲੋਡ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਦਾ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਨਿੱਜੀ ਸਕੱਤਰ ਮਹਿੰਦਰ ਸਿੰਘ ਆਹਲੀ ਨੇ ਇਸ ਨੂੰ ਮੰਦਭਾਗੀ ਕਾਰਵਾਈ ਕਰਾਰ ਦੱਸ ਕੇ ਇਹ ਵੀਡੀਓ ਬਣਾਉਣ ਵਾਲੀਆਂ ਲੜਕੀਆਂ ਖ਼ਿਲਾਫ਼ ਸ਼੍ਰੋਮਣੀ ਕਮੇਟੀ ਵੱਲੋਂ ਪੁਲਸ ਦੇ ਸਾਈਬਰ ਕਰਾਈਮ ਸੈਲ ਨੂੰ ਸ਼ਿਕਾਇਤ ਕੀਤੀ ਹੈ। ਪਤਾ ਲੱਗਾ ਹੈ ਕਿ ਇਸ ਵਾਰ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿੱਚ ਸਰੋਵਰ ਕੰਢੇ ਇੱਕ ਪੰਜਾਬੀ ਗਾਣੇ ਉਤੇ ਦਿਨ ਦੇ ਸਮੇਂ ਤਿੰਨ ਲੜਕੀਆਂ ਵੱਲੋਂ ਸੈਲਫੀ ਨਾਲ 'ਟਿਕ ਟਾਕ' ਬਣਾਈ ਗਈ ਅਤੇ 'ਸਨਾ ਡਾਟ ਕਾਮ ਅਕਾਊਂਟ' ਤੋਂ ਇਹ ਟਿਕ ਟਾਕ 'ਤੇ ਵਾਇਰਲ ਕੀਤੀ ਗਈ ਹੈ।

ਵਰਨਣ ਯੋਗ ਹੈ ਕਿ ਸ਼ਰਧਾਲੂਆਂ ਨੂੰ ਪਰਿਕਰਮਾ 'ਚ ਤਸਵੀਰਾਂ ਤੇ ਵੀਡੀਓਜ਼ ਬਣਾਉਣ ਤੋਂ ਰੋਕਣ ਲਈ ਪ੍ਰਬੰਧਕਾਂ ਨੇ ਕਈ ਥਾਈਂ ਸੂਚਨਾ ਬੋਰਡ ਲਵਾਏ ਹਨ ਅਤੇ ਤਿੰਨ ਸ਼ਿਫਟਾਂ ਵਿੱਚ ਪਰਿਕਰਮਾਂ ਦੀਆਂ ਚਾਰੇ ਬਾਹੀਆਂ ਉੱਤੇ ਨਿਗਰਾਨੀ ਲਈ 36 ਸੇਵਾਦਾਰ, 15 ਇੰਚਾਰਜ, 8 ਮੀਤ ਮੈਨੇਜਰ ਤੇ ਵਧੀਕ ਮੈਨੇਜਰਾਂ ਦੀ ਫ਼ੌਜ ਲਾਈ ਹੋਈ ਹੈ। ਸ਼ਰਧਾਲੂਆਂ ਦਾ ਕਹਿਣਾ ਹੈ ਕਿ ਆਮ ਸ਼ਰਧਾਲੂਆਂ ਨੂੰ ਇਹ ਸੇਵਾਦਾਰ ਤਸਵੀਰ ਤੱਕ ਖਿੱਚਣ ਤੋਂ ਰੋਕ ਦਿੰਦੇ ਹਨ ਪਰ ਕਈ ਲੋਕ ਸ਼ਰੇਆਮ ਵੀਡੀਓ ਬਣਾ ਕੇ ਸੋਸ਼ਲ ਮੀਡੀਆ ਉਤੇ ਵਾਇਰਲ ਕਰ ਜਾਂਦੇ ਹਨ। ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਕਿਹਾ ਕਿ ਉਹ ਸਬੰਧਿਤ ਅਧਿਕਾਰੀਆਂ ਨੂੰ ਹਦਾਇਤ ਕਰਨਗੇ ਕਿ ਅਜਿਹੀਆਂ ਵੀਡੀਓਜ਼ ਬਣਾ ਕੇ ਸ਼ਰਧਾਲੂਆਂ ਦੇ ਮਨਾਂ ਨੂੰ ਠੇਸ ਲਾਉਣ ਵਾਲਿਆਂ ਵਿਰੁੱਧ ਸਖ਼ਤ ਐਕਸ਼ਨ ਲਿਆ ਜਾਵੇ।

# ਲੁਧਿਆਣਾ-ਚੰਡੀਗੜ੍ਹ ਹਾਈਵੇ ਉੱਤੇ ਬਣੇ ਢਾਬਿਆਂ ਅਤੇ ਸਰਵਿਸ ਸਟੇਸ਼ਨਾਂ ਨੂੰ ਰਾਹਤ



ਚੰਡੀਗੜ੍ਹ, 6 ਫਰਵਰੀ (ਪੋਸਟ ਬਿਊਰੋ)- ਲੁਧਿਆਣਾ-ਸਮਰਾਲਾ-ਚੰਡੀਗੜ੍ਹ ਹਾਈਵੇ 'ਤੇ ਚੱਲਦੇ ਦਰਜਨਾਂ ਢਾਬਾ ਮਾਲਕਾਂ ਅਤੇ ਹੋਰ ਕੰਮ ਕਰਨ ਵਾਲਿਆਂ ਨੂੰ ਹਾਈ ਕੋਰਟ ਨੇ ਵੱਡੀ ਰਾਹਤ ਦੇਂਦੇ ਹੋਏ ਉਨ੍ਹਾਂ ਹੁਕਮਾਂ 'ਤੇ ਰੋਕ ਲਾ ਦਿੱਤੀ ਹੈ, ਜਿਨ੍ਹਾਂ 'ਚ ਗਮਾਡਾ ਨੇ ਉਕਤ ਢਾਬਿਆਂ ਅਤੇ ਹੋਰ ਉਸਾਰੀਆਂ ਨੂੰ ਢਾਹੁਣ ਦੇ ਨੋਟਿਸ ਜਾਰੀ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਸੀ। ਪਟੀਸ਼ਨਰ ਧਿਰ ਨੇ ਕੋਰਟ ਨੂੰ ਦੱਸਿਆ ਕਿ ਅਕਤੂਬਰ 2018 ਵਿੱਚ ਨੈਸ਼ਨਲ ਹਾਈਵੇ ਦੇ ਤੀਹ ਮੀਟਰ 'ਚ ਉਸਾਰੀ ਨਾ ਹੋਣ ਦੇ ਘੇਰੇ ਨੂੰ ਘਟਾ ਕੇ ਪੰਜ ਮੀਟਰ ਕਰ ਦਿੱਤਾ ਸੀ ਅਤੇ ਉਹ ਲੋਕ ਉਸ ਘੇਰੇ ਤੋਂ ਬਾਹਰ ਹਨ।

ਇਸ ਮੌਕੇ ਕੋਰਟ ਨੂੰ ਦੱਸਿਆ ਗਿਆ ਕਿ ਨੈਸ਼ਨਲ ਹਾਈਵੇ ਨਾਲ ਸੰਬੰਧਤ ਮਾਮਲਿਆਂ 'ਚ ਗਮਾਡਾ ਦਖਲ ਨਹੀਂ ਦੇ ਸਕਦਾ, ਕਿਉਂਕਿ ਚੰਡੀਗੜ੍ਹ-ਲੁਧਿਆਣਾ ਹਾਈਵੇ ਨੈਸ਼ਨਲ ਹਾਈਵੇ ਅਥਾਰਟੀ ਦੇ ਅਧੀਨ ਹੈ। ਕੋਰਟ ਨੂੰ ਦੱਸਿਆ ਗਿਆ ਕਿ ਗਮਾਡਾ ਲੁਧਿਆਣਾ-ਸਮਰਾਲਾ-ਚੰਡੀਗੜ੍ਹ ਹਾਈਵੇ ਉੱਤੇ ਬਣੇ ਢਾਬਿਆਂ, ਸਰਵਿਸ ਸਟੇਸ਼ਨਾਂ ਅਤੇ ਹੋਰ ਅਦਾਰਿਆਂ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਨੋਟਿਸ ਭੇਜ ਕੇ ਪ੍ਰੇਸ਼ਾਨ ਕਰ ਰਿਹਾ ਹੈ, ਇਥੋਂ ਤੱਕ ਕਿ ਇੱਕ ਢਾਬੇ ਨੂੰ ਤੋੜਨ ਲਈ ਪੁਲਸ ਤੇ ਜੇ ਸੀ ਬੀ ਮਸ਼ੀਨਾਂ ਵੀ ਭੇਜੀਆਂ ਗਈਆਂ ਸਨ, ਜੋ ਗਮਾਡਾ ਦੇ ਅਧਿਕਾਰ ਖੇਤਰ ਵਿੱਚ ਹੀ ਨਹੀਂ। ਨੈਸ਼ਨਲ ਹਾਈਵੇ ਅਥਾਰਟੀ ਵੀ ਉਕਤ ਬਿਲਡਿੰਗਾਂ ਨੂੰ ਨੋ ਕੰਸਟਰੱਕਸ਼ਨ ਜ਼ੋਨ ਦੇ ਬਾਹਰ ਐਲਾਨ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੂੰ ਨੋਟਿਸ ਭੇਜੇ ਜਾ ਰਹੇ ਹਨ, ਉਨ੍ਹਾਂ ਸਾਰਿਆਂ ਕੋਲ ਜੀ ਐਸ ਟੀ ਨੰਬਰ ਹਨ, ਬਿਜਲੀ ਦੇ ਕੁਨੈਕਸ਼ਨ ਲੱਗੇ ਹਨ ਅਤੇ ਐੱਸ ਡੀ ਐੱਮ ਵੱਲੋਂ ਨੋ-ਆਬਜੈਕਸ਼ਨ ਵੀ ਮਿਲਿਆ ਹੋਇਆ ਹੈ। ਪਟੀਸ਼ਨਰ ਧਿਰ ਦੇ ਵਕੀਲ ਚਰਨਪਾਲ ਬਾਗੜੀ ਨੇ ਕੋਰਟ ਤੋਂ ਮੰਗ ਕੀਤੀ ਕਿ ਗਮਾਡਾ ਨੂੰ ਉਕਤ ਕਾਰਵਾਈ ਕਰਨ ਤੋਂ ਰੋਕਿਆ ਜਾਵੇ, ਜਿਸ ਨੂੰ ਕੋਰਟ ਨੇ ਮੰਨ ਕੇ ਗਮਾਡਾ ਵੱਲੋਂ ਭੇਜੇ ਸਾਰੇ ਨੋਟਿਸ ਅਤੇ ਬਿਲਡਿੰਗਾਂ ਤੋੜਨ ਦੀ ਕਾਰਵਾਈ ਤੇ ਰੋਕ ਲਾਉਂਦਿਆਂ ਗਮਾਡਾ ਵੱਲੋਂ ਭੇਜੇ ਗਏ ਸਾਰੇ ਨੋਟਿਸ ਰੱਦ ਕਰ ਦਿੱਤੇ ਹਨ। ਜਸਟਿਸ ਰਾਜਨ ਗੁਪਤਾ ਅਤੇ ਜਸਟਿਸ ਕਰਮਜੀਤ ਸਿੰਘ ਦੀ ਬੈਂਚ ਨੇ ਇਸ ਬਾਰੇ ਹੋਰ ਪਟੀਸ਼ਨਾਂ 'ਤੇ ਹੁਕਮ ਜਾਰੀ ਕਰਦਿਆਂ 19 ਫਰਵਰੀ ਨੂੰ ਨੈਸ਼ਨਲ ਹਾਈਵੇ ਅਥਾਰਟੀ ਦੇ ਪ੍ਰੋਜੈਕਟ ਡਾਇਰੈਕਟਰ ਨੂੰ ਤਲਬ ਕਰ ਲਿਆ ਹੈ।

# ਹੈਰੋਇਨ ਬਰਾਮਦਗੀ ਕੇਸ ਵਿਚ ਕਾਂਗਰਸੀ ਨੇਤਾਵਾਂ ਦੇ ਨਜ਼ਦੀਕੀ ਦੋ ਕਾਰੋਬਾਰੀ ਫੜ੍ਹੇ



ਅੰਮ੍ਰਿਤਸਰ, 6 ਫਰਵਰੀ (ਪੋਸਟ ਬਿਊਰੋ)- ਅਕਾਲੀ ਦਲ ਦੇ ਨੇਤਾ ਅਨਵਰ ਮਸੀਹ ਦੀ ਕੋਠੀ 'ਚੋਂ 194 ਕਿਲੋ ਹੈਰੋਇਨ ਮਿਲਣ ਦੇ ਕੇਸ ਵਿੱਚ ਪੁਲਸ ਨੇ ਕੱਲ੍ਹ ਸ਼ਾਮ ਮਜੀਠ ਮੰਡੀ ਦੇ ਦੋ ਕਾਰੋਬਾਰੀਆਂ ਨੂੰ ਫੜਿਆ ਹੈ। ਦੋਵੇਂ ਨਾਮੀ ਕਾਰੋਬਾਰੀ ਹਨ ਅਤੇ ਉਨ੍ਹਾਂ ਦੇ ਕਾਂਗਰਸ ਦੇ ਇੱਕ ਵੱਡੇ ਨੇਤਾ ਦੇ ਨਾਲ ਸੰਬੰਧ ਹਨ।

ਪਤਾ ਲੱਗਾ ਹੈ ਕਿ ਦੋਵਾਂ ਕਾਰੋਬਾਰੀਆਂ ਦੇ ਮੋਬਾਈਲ ਨੰਬਰ ਕੁਝ ਦਿਨ ਪਹਿਲਾਂ ਫੜੇ ਕੱਪੜਾ ਕਾਰੋਬਾਰੀ ਅੰਕੁਸ਼ ਕਪੂਰ ਦੇ ਮੋਬਾਈਲ ਤੋਂ ਮਿਲੇ ਹਨ। ਜਾਂਚ ਵਿੱਚ ਸਾਹਮਣੇ ਆਇਆ ਕਿ ਅੰਕੁਸ਼ ਆਪਣੇ ਸਾਥੀਆਂ ਦੇ ਨਾਲ ਮਿਲ ਕੇ ਦੁਬਈ ਵਿੱਚ ਬੈਠੇ ਭਾਈਜਾਨ ਨਾਂਅ ਦੇ ਵਿਅਕਤੀ ਦੇ ਸਿੱਧੇ ਸੰਪਰਕ ਵਿੱਚ ਸੀ। ਭਾਈਜਾਨ ਵਟਸਐਪ ਦੇ ਰਾਹੀਂ ਹੈਰੋਇਨ ਖਰੀਦ ਕਰਨ ਵਾਲੀ ਪਾਰਟੀ ਦੀ ਫੋਟੋ, ਵੇਰਵਾ ਅਤੇ ਪਤਾ ਭੇਜਦਾ ਸੀ। ਅੰਕੁਸ਼ ਨੂੰ ਇਜਾਜ਼ਤ ਨਹੀਂ ਸੀ ਕਿ ਉਹ ਆਪਣੇ ਤੌਰ 'ਤੇ ਹੈਰੋਇਨ ਦੀ ਡਿਲੀਵਰੀ ਕਰੇ। ਗੁਜਰਾਤ ਏ ਟੀ ਐੱਸ (ਐਂਟੀ ਟੈਰਰਿਸਟ ਸਕੁਆਡ) ਅਤੇ ਪੰਜਾਬ ਸਪੈਸ਼ਲ ਟਾਸਕ ਫੋਰਸ (ਐੱਸ ਟੀ ਐੱਫ) ਨੂੰ ਅੰਕੁਸ਼ ਦੇ ਮੋਬਾਈਲ ਤੋਂ ਕਈ ਅਹਿਮ ਰਾਜ਼ ਮਿਲੇ ਹਨ। ਆਈ ਜੀ ਕੌਸਤੁਭ ਸ਼ਰਮਾ ਨੇ ਦੱਸਿਆ ਕਿ ਇਸ ਦੀ ਗੰਭੀਰਤਾ ਨਾਲ ਕੀਤੀ ਜਾ ਰਹੀ ਪ੍ਰਭਾਵਤ ਨਾ ਹੋਵੇ, ਇਸ ਲਈ ਉਹ ਇਸ ਬਾਰੇ ਜ਼ਿਆਦਾ ਨਹੀਂ ਦੱਸ ਸਕਦੇ।

ਵਰਨਣ ਯੋਗ ਹੈ ਕਿ ਵੀਰਵਾਰ ਰਾਤ ਐੱਸ ਟੀ ਐੱਫ ਨੇ ਸੁਲਤਾਨਵਿੰਡ ਰੋਡ ਦੇ ਆਕਾਸ਼ ਵਿਹਾਰ ਵਿੱਚ ਅਕਾਲੀ ਨੇਤਾ ਅਨਵਰ ਮਸੀਹ ਦੀ ਕੋਠੀ ਵਿੱਚੋਂ 197 ਕਿਲੋ ਹੈਰੋਇਨ ਫੜੀ ਸੀ। ਇਸ ਪਿੱਛੋਂ ਪੁਲਸ ਨੇ ਕੱਪੜਾ ਕਾਰੋਬਾਰੀ ਅੰਕੁਸ਼ ਕਪੂਰ, ਤਮੰਨਾ ਭਾਟੀਆ, ਜਿਮ ਟ੍ਰੇਨਰ ਸੁਖਵਿੰਦਰ ਸਿੰਘ, ਸੁਖਬੀਰ ਹੈਪੀ, ਅਫਗਾਨ ਨਾਗਰਿਕ ਅਰਮਾਨ ਤੇ ਮੇਜਰ ਸਿੰਘ ਨੂੰ ਗ੍ਰਿਫਤਾਰ ਕੀਤਾ ਸੀ। ਕੋਠੀ 'ਚੋਂ ਨਸ਼ੀਲਾ ਪਾਊਡਰ ਤੇ 205ਲੀਟਰ ਕੈਮੀਕਲ ਵੀ ਬਰਾਮਦ ਕੀਤਾ ਗਿਆ ਸੀ। ਬਾਅਦ ਵਿੱਚ ਪੁਲਸ ਨੇ ਕਾਂਗਰਸੀ ਕੌਂਸਲਰ ਪ੍ਰਦੀਪ ਸ਼ਰਮਾ ਦੇ ਬੇਟੇ ਸਾਹਿਲ ਸ਼ਰਮਾ ਨੂੰ ਵੀ ਨਾਮਜ਼ਦ ਕਰ ਲਿਆ ਸੀ।

ਏ ਟੀ ਐੱਸ ਗੁਜਰਾਤ ਦੇ ਹੈਰੋਇਨ ਕੇਸ ਵਿੱਚ ਜਾਂਚ ਸ਼ੁਰੂ ਕਰਨ ਦੇ ਬਾਅਦ ਦੋਸ਼ੀਆਂ ਦੇ ਕਰੀਬੀ ਅੰਡਰਗਰਾਊਂਡ ਹੋ ਗਏ ਹਨ। ਬੀਤੇ ਦਿਨੀਂ ਛਾਪੇਮਾਰੀ ਕਰ ਕੇ ਏ ਟੀ ਐੱਸ ਨੇ ਅੰਕੁਸ਼ ਦੇ ਘਰੋਂ ਸਵਾ ਤਿੰਨ ਕਿਲੋ ਹੈਰੋਇਨ ਬਰਾਮਦ ਕੀਤੀ ਸੀ। ਏ ਟੀ ਐੱਸ ਦੋਸ਼ੀਆਂ ਤੋਂ ਪੁੱਛਗਿੱਛ ਕਰ ਕੇ ਗੁਜਰਾਤ ਵਿੱਚ ਵੀ ਛਾਪੇਮਾਰੀ ਕਰ ਰਹੀ ਹੈ। ਅੰਕੁਸ਼ ਦੇ ਗੁਜਰਾਤ ਦੇ ਕੁਝ ਕਾਰੋਬਾਰੀਆਂ ਨਾਲ ਵੀ ਕੁਨੈਕਸ਼ਨ ਹਨ।

# ਜੇਲ੍ਹ ਦੇ ਅਤਿ-ਸੁਰੱਖਿਅਤ ਖੇਤਰ 'ਚ ਅਣਜਾਣ ਔਰਤ ਜਾ ਪੁੱਜੀ

ਪਟਿਆਲਾ, 6 ਫਰਵਰੀ (ਪੋਸਟ ਬਿਊਰੋ)- ਪੰਜਾਬ ਦੀ ਅਤਿ-ਸੁਰੱਖਿਅਤ ਜੇਲ੍ਹਾਂ 'ਚ ਸ਼ਾਮਲ ਪਟਿਆਲਾ ਦੀ ਸੈਂਟਰਲ ਜੇਲ੍ਹ ਦੀ ਸੁਰੱਖਿਆ 'ਚ ਇੱਕ ਵਾਰ ਫਿਰ ਸੰਨ੍ਹ ਲੱਗੀ ਹੈ। ਇੱਕ ਅਣਜਾਣ ਔਰਤ ਜੇਲ੍ਹ ਦੇ ਅਤਿ-ਸੁਰੱਖਿਅਤ ਖੇਤਰ 'ਚ ਪਹੁੰਚ ਗਈ। ਇਹ ਔਰਤ ਜੇਲ੍ਹ ਦੇ ਭਲਾਈ ਅਫਸਰ ਦੇ ਦਫ਼ਤਰ ਤੇ ਕੰਟਰੋਲ ਰੂਮ ਦੇ ਆਲੇ-ਦੁਆਲੇ ਘੁੰਮਦੀ ਦੇਖੀ ਗਈ, ਜਿਸ ਦੀ ਫੋਟੋ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ। ਕੰਟਰੋਲ ਰੂਮ ਨੇੜੇ ਦੇ ਇਸ ਖੇਤਰ ਵਿੱਚ ਸਿਰਫ ਜੇਲ੍ਹ ਸੁਪਰਡੈਂਟ ਜਾਂ ਜੇਲ੍ਹ ਭਲਾਈ ਅਫਸਰ ਹੀ ਜਾ ਸਕਦੇ ਹਨ। ਇਸ ਥਾਂ ਤੋਂ ਕੈਦੀਆਂ ਦੀ ਬੈਰਕ 20 ਫੁੱਟ ਦੂਰ ਹੈ।

ਦੱਸਿਆ ਜਾ ਰਿਹਾ ਹੈ ਕਿ ਇਹ ਔਰਤ ਨਾ ਤਾਂ ਕਿਸੇ ਕੈਦੀ ਦੀ ਰਿਸ਼ਤੇਦਾਰ ਹੈ ਤੇ ਨਾ ਕਿਸੇ ਪੁਲਸ ਵਾਲੇ ਦੀ। ਇਸ ਥਾਂ ਕਿਸੇ ਨੂੰ ਜਾਣ ਦੀ ਆਗਿਆ ਨਹੀਂ ਹੈ। ਸਵਾਲ ਉਠਦਾ ਹੈ ਕਿ ਇਹ ਔਰਤ ਕੌਣ ਹੈ, ਜੋ ਸੁਰੱਖਿਅਤ ਖੇਤਰ 'ਚ ਪਹੁੰਚ ਕੇ ਚੱਕਰ ਲਾਉਂਦੀ ਰਹੀ। ਇੰਨੀ ਸੁਰੱਖਿਆ ਦੇ ਬਾਵਜੂਦ ਉਸ ਨੂੰ ਕਿਸੇ ਨੇ ਰੋਕਿਆ ਕਿਉਂ ਨਹੀਂ? ਇਸ ਦਾ ਜਵਾਬ ਕਿਸੇ ਅਧਿਕਾਰੀ ਕੋਲ ਨਹੀਂ ਹੈ। ਮੌਜੂਦਾ ਜੇਲ੍ਹ ਸੁਪਰਡੈਂਟ ਨੇ ਮੰਨਿਆ ਕਿ ਇਹ ਤਸਵੀਰਾਂ ਜੇਲ੍ਹ ਦੇ ਅੰਦਰ ਦੀਆਂ ਹਨ, ਪਰ ਪੁਰਾਣੀਆਂ ਹਨ। ਜਾਣਕਾਰ ਸੂਤਰਾਂ ਅਨੁਸਾਰ ਇਹ ਔਰਤ ਅਕਸਰ ਇਥੇ ਆਉਂਦੀ-ਜਾਂਦੀ ਸੀ। ਇਹ ਤਸਵੀਰਾਂ ਜੂਨ-ਜੁਲਾਈ 2019 ਦੀਆਂ ਹਨ। ਇਸ ਦੀ ਸ਼ਿਕਾਇਤ ਜੇਲ੍ਹ ਮੰਤਰੀ ਨੂੰ ਵੀ ਕੀਤੀ ਜਾ ਚੁੱਕੀ ਹੈ। ਇਸ ਔਰਤ ਦਾ ਇਸ ਤਰ੍ਹਾਂ ਜੇਲ੍ਹ ਅੰਦਰ ਜਾਣਾ ਤੇ ਕਾਲੀ ਐਨਕ ਪਹਿਨ ਕੇ ਘੁੰਮਣਾ ਜੇਲ੍ਹ ਦੀ ਸੁਰੱਖਿਆ 'ਤੇ ਸਵਾਲ ਖੜ੍ਹੇ ਕਰਦਾ ਹੈ। ਇਸ ਜੇਲ੍ਹ 'ਚ ਗੈਂਗਸਟਰ ਗੁਰਪ੍ਰੀਤ ਗੋਪੀ, ਗੋਰੂ ਬੱਚਾ, ਲਾਰੈਂਸ ਬਿਸ਼ਨੋਈ, ਸੰਪਤ ਨਹਿਰਾ ਤੋਂ ਬਿਨਾਂ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਕੇਸ ਦਾ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਵੀ ਬੰਦ ਹੈ।

# ਟਰੈਕਟਰ-ਟਰਾਲੀ ਦੀ ਲਪੇਟ ਵਿੱਚ ਆ ਕੇ ਮੋਟਰ ਸਾਈਕਲ ਚਾਲਕ ਦੀ ਮੌਤ

ਜਲੰਧਰ, 6 ਫਰਵਰੀ (ਪੋਸਟ ਬਿਊਰੋ)- ਮਿੱਠਾਪੁਰ-ਕਾਦੀਆਂਵਾਲੀ ਰੋਡ 'ਤੇ ਤੇਜ਼ ਰਫਤਾਰ ਟਰੈਕਟਰ-ਟਰਾਲੀ ਦੀ ਲਪੇਟ ਵਿੱਚ ਆਉਣ ਨਾਲ ਇੱਕ ਮੋਟਰ ਸਾਈਕਲ ਸਵਾਰ ਵਿਅਕਤੀ ਦੀ ਮੌਤ ਹੋ ਗਈ। ਹਾਦਸੇ ਦੀ ਸੂਚਨਾ ਮਿਲਦੇ ਹੀ ਜਲੰਧਰ ਹਾਈਟਸ ਪੁਲਸ ਚੌਕੀ ਦੇ ਮੁਖੀ ਵਿਕਟਰ ਮਸੀਹ ਮੌਕੇ 'ਤੇ ਪਹੁੰਚੇ।

ਵਿਕਟਰ ਮਸੀਹ ਦੇ ਮੁਤਾਬਕ ਮ੍ਰਿਤਕ ਦੀ ਪਛਾਣ ਧਰਮਪਾਲ ਪੁੱਤਰ ਈਸ਼ਰ ਦਾਸ, ਮੂਨਪੁਰ ਕਲੋਨੀ ਫੋਲੜੀਵਾਲ ਵਜੋਂ ਹੋਈ ਹੈ, ਜੋ ਆਪਣੇ ਮੋਟਰ ਸਾਈਕਲ 'ਤੇ ਮਿੱਠਾਪੁਰ 'ਚ ਆਪਣੇ ਬੇਟੇ ਨੂੰ ਖਾਣਾ ਦੇਣ ਲਈ ਜਾ ਰਿਹਾ ਸੀ ਕਿ ਰਾਹ 'ਚ ਤੇਜ਼ ਰਫਤਾਰ ਟਰੈਕਟਰ-ਟਰਾਲੀ ਦੇ ਚਾਲਕ ਨੇ ਉਸ ਨੂੰ ਆਪਣੀ ਲਪੇਟ 'ਚ ਲੈ ਲਿਆ ਅਤੇ ਮੌਕੇ 'ਤੇ ਹੀ ਧਰਮਪਾਲ ਨੇ ਦਮ ਤੋੜ ਦਿੱਤਾ। ਪੁਲਸ ਨੇ ਮ੍ਰਿਤਕ ਦੇ ਬੇਟੇ ਰਾਜੇਸ਼ ਕੁਮਾਰ ਦੇ ਬਿਆਨਾਂ 'ਤੇ 25 ਸਾਲ ਦੇ ਮੁਲਜ਼ਮ ਟਰੈਕਟਰ-ਟਰਾਲੀ ਚਾਲਕ ਹਜ਼ੂਰ ਅਲੀ ਪੁੱਤਰ ਬਸ਼ੀਰ ਅਹਿਮਦ ਵਾਸੀ ਪਿੰਡ ਕਾਦੀਆਂਵਾਲੀ ਖਿਲਾਫ ਥਾਣਾ ਸਦਰ 'ਚ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ।

# ਹਾਦਸੇ ਵਿੱਚ ਪਿਓ-ਪੁੱਤਰ ਦੀ ਮੌਤ

ਕੋਟਕਪੂਰਾ, 6 ਫਰਵਰੀ (ਪੋਸਟ ਬਿਊਰੋ)- ਸ਼ਹਿਰ ਦੇ ਬਾਹਰ ਲੰਘਦੇ ਨੈਸ਼ਨਲ ਹਾਈਵੇ-15 ਉਤੇ ਵਾਪਰੇ ਹਾਦਸੇ ਦੌਰਾਨ ਦੋ ਵਿਅਕਤੀਆਂ ਦੀ ਮੌਕੇ 'ਤੇ ਮੌਤ ਹੋ ਜਾਣ ਦਾ ਪਤਾ ਲੱਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਸੁਲਤਾਨਵਿੰਡ ਰੋਡ ਅੰਮ੍ਰਿਤਸਰ ਦੇ ਵਸਨੀਕ ਸੁਰਿੰਦਰ ਪਾਲ ਸਿੰਘ ਪੁੱਤਰ ਜੋਗਿੰਦਰ ਸਿੰਘ ਅਤੇ ਜੋਗਿੰਦਰ ਸਿੰਘ ਪੁੱਤਰ ਸੂਰਤਾ ਸਿੰਘ ਇੰਡੀਗੋ ਕਾਰ 'ਤੇ ਸਵਾਰ ਹੋ ਕੇ ਅੰਮ੍ਰਿਤਸਰ ਤੋਂ ਬਠਿੰਡਾ ਵੱਲ ਆ ਰਹੇ ਸਨ। ਜਦ ਉਹ ਸਥਾਨਕ ਸ਼ਹਿਰ ਦੇ ਬਾਹਰਵਾਰ ਨੈਸ਼ਨਲ ਹਾਈਵੇ ਬਾਈਪਾਸ 'ਤੇ ਸ਼ੇਰੇ ਪੰਜਾਬ ਢਾਬੇ ਦੇ ਨਜ਼ਦੀਕ ਪੁੱਜੇ ਤਾਂ ਉਨ੍ਹਾਂ ਦੀ ਕਾਰ ਸੜਕ ਨਾਲ ਲੱਗੇ ਬੂਟਿਆਂ ਨੂੰ ਪਾਣੀ ਦੇ ਰਹੇ ਇੱਕ ਟੈਂਕਰ ਦੇ ਪਿਛਲੇ ਪਾਸੇ ਟਕਰਾਅ ਗਈ। ਇਸ ਹਾਦਸੇ ਨਾਲ ਕਾਰ ਦਾ ਅਗਲਾ ਹਿੱਸਾ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਅਤੇ ਪਿਓ-ਪੁੱਤਰ ਦੀ ਮੌਤ ਹੋ ਗਈ। ਟੈਂਕਰ ਦੇ ਪਿਛਲੇ ਪਾਸੇ ਧੱਸ ਜਾਣ ਕਾਰਨ ਮ੍ਰਿਤਕਾਂ ਦੀਆਂ ਲਾਸ਼ਾਂ ਕਾਰ ਵਿੱਚ ਬੁਰੀ ਤਰ੍ਹਾਂ ਫਸ ਗਈਆਂ। ਸੂਚਨਾ ਮਿਲਣ 'ਤੇ ਥਾਣਾ ਸਿਟੀ ਦੀ ਪੁਲਸ ਮੌਕੇ 'ਤੇ ਪੁੱਜੀ ਅਤੇ ਬਚਾਅ ਕਾਰਜ ਸ਼ੁਰੂ ਕੀਤੇ।

# ਕਲੇਮ ਵਿੱਚ ਟਾਲ-ਮਟੋਲ ਉੱਤੇ ਇਸ਼ੋਰੈਂਸ ਕੰਪਨੀ ਨੂੰ 50,000 ਰੁਪਏ ਜੁਰਮਾਨਾ



ਜਲੰਧਰ, 6 ਫਰਵਰੀ (ਪੋਸਟ ਬਿਊਰੋ)- ਜੈਨਰੇਟਰ ਵਿੱਚ ਅੱਗ ਲੱਗਣ 'ਤੇ ਕਲੇਮ ਨਾ ਦੇਣ ਵਾਲੀ ਇੰਸ਼ੋਰੈਂਸ ਕੰਪਨੀ ਨੂੰ ਜ਼ਿਲਾ ਕੰਜ਼ਿਊਮਰ ਫੋਰਮ ਨੇ 50,000 ਰੁਪਏ ਜੁਰਮਾਨਾ ਲਾਇਆ ਅਤੇ ਨਾਲ ਛੇ ਲੱਖ ਰੁਪਏ 12 ਫੀਸਦੀ ਵਿਆਜ ਦਰ ਦੇ ਨਾਲ ਦੇਣ ਦਾ ਫੈਸਲਾ ਸੁਣਾਇਆ ਹੈ।

ਆਦਰਸ਼ ਨਗਰ ਦੀ ਮਨਜਿੰਦਰ ਕੌਰ ਨੇ ਜ਼ਿਲਾ ਕੰਜ਼ਿਊਮਰ ਫੋਰਮ ਨੂੰ ਸ਼ਿਕਾਇਤ ਦਿੱਤੀ ਕਿ ਉਨ੍ਹਾਂ ਨੇ ਸਟੈਂਡਰਡ ਫਾਇਰ ਐਂਡ ਸਪੈਸ਼ਲ ਪੇਰਿਲਸ ਇੰਸ਼ੋਰੈਂਸ ਪਾਲਿਸੀ ਲਈ ਸੀ, ਜਿਸ ਦੀ ਮਿਆਦ 24 ਜੂਨ 2011 ਤੋਂ 23 ਜੂਨ 2012 ਤੱਕ ਸੀ। ਇੰਸ਼ੋਰੈਂਸ ਕੰਪਨੀ ਨੇ ਆਪਣੇ ਏਜੰਟ ਦੇ ਰਾਹੀਂ ਖਰੀਦੇ ਜੈਨਰੇਟਰ ਸੈੱਟ ਦੀ 6.65 ਲੱਖ ਦੀ ਇੰਸ਼ੋਰੈਂਸ ਕੀਤੀ ਸੀ। ਇਹ ਜੈਨਰੇਟਰ ਪੰਜਾਬ ਨੈਸ਼ਨਲ ਬੈਂਕ ਦੇ ਰੇਲਵੇ ਰੋਡ ਦੇ ਜੋਨਲ ਦਫਤਰ ਵਿੱਚ ਕਿਰਾਏ 'ਤੇ ਦਿੱਤਾ ਗਿਆ ਸੀ। ਪੰਜ ਮਈ 2012 ਨੂੰ ਇੰਸ਼ੋਰੈਂਸ ਪੀਰੀਅਡ ਦੇ ਦੌਰਾਨ ਜੈਨਰੇਟਰ ਵਿੱਚ ਅੱਗ ਲੱਗ ਗਈ। ਹਾਦਸੇ ਦੀ ਸੂਚਨਾ ਇੰਸ਼ੋਰੈਂਸ ਕੰਪਨੀ ਦੇ ਏਜੰਟ ਨੂੰ ਦੇ ਦਿੱਤੀ ਸੀ। ਸਰਵੇਅਰ ਦੀ ਰਿਪੋਰਟ ਦੇ ਆਧਾਰ 'ਤੇ ਕੰਪਨੀ ਨੇ ਕਲੇਮ ਰੱਦ ਕਰ ਦਿੱਤਾ। ਫੋਰਮ ਨੇ ਕੰਪਨੀ ਨੂੰ ਨੋਟਿਸ ਕੱਢਿਆ ਅਤੇ ਜਵਾਬ ਵਿੱਚ ਇੰਸ਼ੋਰੈਂਸ ਕੰਪਨੀ ਨੇ ਕਿਹਾ ਕਿ ਸ਼ਿਕਾਇਤ ਕਰਤਾ ਕੰਜ਼ਿਊਮਰ ਨਹੀਂ ਹੈ ਕਿਉਂਕਿ ਉਨ੍ਹਾਂ ਨੇ ਜੈਨਰੇਟਰ ਅੱਗੇ ਬੈਂਕ ਨੂੰ ਕਿਰਾਏ 'ਤੇ ਦਿੱਤਾ ਹੋਇਆ ਸੀ। ਜੈਨਰੇਟਰ ਵਿੱਚ ਅੱਗ ਸ਼ਾਰਟ ਸਰਕਿਟ ਨਾਲ ਨਹੀਂ, ਬਲਕਿ ਅਲਟਰਨੇਟਰ ਦੇ ਬੈਰਿੰਗ ਜਾਮ ਹੋਣ ਨਾਲ ਪੈਦਾ ਹੋਈ ਹੀਟ ਕਾਰਨ ਲੱਗੀ ਹੈ। ਇਹ ਫਾਇਰ ਪਾਲਿਸੀ ਵਿੱਚ ਕਵਰ ਨਹੀਂ ਹੁੰਦਾ। ਦੋਵਾਂ ਧਿਰਾਂ ਨੂੰ ਸੁਣਨ ਪਿੱਛੋਂ ਫੋਰਮ ਨੇ ਫੈਸਲਾ ਦੇਂਦੇ ਹੋਏ ਕਿਹਾ ਕਿ ਸਰਵੇਅਰ ਨੇ ਜੈਨਰੇਟਰ ਦਾ ਸਰਵੇ ਕਰ ਕੇ ਜੋ ਰਿਪੋਰਟ ਪੇਸ਼ ਕੀਤੀ, ਉਸ ਵਿੱਚ ਇਹ ਵੀ ਲਿਖਿਆ ਕਿ ਇਹ ਨੁਕਸਾਨ ਪਾਲਿਸੀ ਵਿੱਚ ਕਵਰ ਨਹੀਂ ਹੁੰਦਾ, ਜਦ ਕਿ ਸਰਵੇਅਰ ਦਾ ਕੰਮ ਕੇਵਲ ਰਿਪੋਰਟ ਸਬਮਿਟ ਕਰਨਾ ਹੈ। ਇਸ ਤੋਂ ਲੱਗਦਾ ਹੈ ਕਿ ਸਰਵੇਅਰ ਨੇ ਕੰਪਨੀ ਦਾ ਪੱਖ ਲਿਆ ਹੈ। ਸਾਰੇ ਪੱਖਾਂ ਨੂੰ ਵੇਖਦੇ ਹੋਏ ਫੋਰਮ ਨੇ 12 ਫੀਸਦੀ ਵਿਆਜ ਦਰ ਨਾਲ ਛੇ ਲੱਖ ਰੁਪਏ ਕਲੇਮ ਦੇਣ ਨੂੰ ਕਿਹਾ ਹੈ, ਨਾਲ 50,000 ਰੁਪਏ ਦਾ ਹਰਜਾਨਾ ਅਤੇ 5000 ਰੁਪਏ ਕਾਨੂੰਨੀ ਖਰਚ ਵਜੋਂ ਅਦਾ ਕਰਨ ਦਾ ਫੈਸਲਾ ਸੁਣਾਇਆ ਹੈ।

FRANCHISES REQUIRED for Greece, Italy, Austria, Germany, Spain

PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration



Subhash Punia
Immigration Counsel

Fast Track Immigration Under INVESTORS CLASS IMMIGRATION

Atlantic Immigration

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।




- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224



## ਸੱਜਾਦ ਲੋਨ ਅਤੇ ਵਾਹੀਦ ਪਾਰਾ 180 ਦਿਨਾਂ ਬਾਅਦ ਰਿਹਾਅ

ਸ੍ਰੀਨਗਰ, 6 ਫਰਵਰੀ (ਪੋਸਟ ਬਿਊਰੋ)- ਕੇਂਦਰ ਸਰਕਾਰ ਵੱਲੋਂ ਬੀਤੇ ਸਾਲ ਪੰਜ ਅਗਸਤ ਨੂੰ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 370 ਦੀਆਂ ਕਈ ਵਿਵਸਥਾਵਾਂ ਖਤਮ ਕਰਨ ਦੇ ਨਾਲ ਹੀ ਘਾਟੀ 'ਚੋਂ ਹਿਰਾਸਤ ਵਿੱਚ ਲਏ ਗਏ ਤਿੰਨ ਸਾਬਕਾ ਮੁੱਖ ਮੰਤਰੀਆਂ ਸਮੇਤ ਵੱਖ-ਵੱਖ ਸਿਆਸੀ ਪਾਰਟੀਆਂ ਦੇ 20 ਤੋਂ ਵੱਧ ਨੇਤਾਵਾਂ ਨੇ ਛੇ ਮਹੀਨੇ ਦੀ ਹਿਰਾਸਤ ਦਾ ਸਮਾਂ ਪੂਰਾ ਕਰ ਲਿਆ ਹੈ। ਪੀਪਲਜ਼ ਕਾਨਫਰੰਸ ਦੇ ਪ੍ਰਧਾਨ ਸੱਜਾਦ ਲੋਨ ਅਤੇ ਪੀ ਡੀ ਪੀ ਨੇਤਾ ਵਾਹੀਦ ਪਾਰਾ ਨੂੰ ਕੱਲ੍ਹ ਚੌਕਸੀ ਦੀ ਹਿਰਾਸਤ 'ਚੋਂ ਰਿਹਾਅ ਕਰ ਦਿੱਤਾ ਗਿਆ।

ਵਾਹੀਦ ਜੰਮੂ-ਕਸ਼ਮੀਰ ਦੀ ਸਾਬਕਾ ਮੁੱਖ ਮੰਤਰੀ ਮਹਿਬੂਬ ਮੁਫਤੀ ਦੇ ਕਰੀਬੀ ਹਨ। ਅਧਿਕਾਰੀਆਂ ਨੇ ਦੱਸਿਆ ਕਿ ਸੱਜਾਦ ਲੋਨ ਅਤੇ ਵਾਹੀਦ ਪਾਰਾ ਦੀ ਰਿਹਾਈ ਤੋਂ ਬਾਅਦ ਕੁੱਲ 13 ਨੇਤਾ ਅਜੇ ਹਿਰਾਸਤ ਵਿੱਚ ਐਮ ਐਲ ਏ ਹੋਸਟਲ 'ਚ ਬੰਦ ਹਨ। ਇਸ ਹੋਸਟਲ ਨੂੰ ਅਸਥਾਈ ਉਪ ਜੇਲ੍ਹ 'ਚ ਤਬਦੀਲ ਕਰ ਦਿੱਤਾ ਗਿਆ ਹੈ। ਸੱਜਾਦ ਲੋਨ ਤੇ ਵਾਹੀਦ ਪਾਰਾ ਲਗਭਗ 180 ਦਿਨ ਹਿਰਾਸਤ ਵਿੱਚ ਰਹਿਣ ਤੋਂ ਬਾਅਦ ਰਿਹਾਅ ਕੀਤੇ ਗਏ ਹਨ। ਪ੍ਰਸ਼ਾਸਨ ਨੇ ਬੀਤੇ ਮੰਗਲਵਾਰ ਦੱਖਣੀ ਕਸ਼ਮੀਰ ਵਿੱਚ ਪੀ ਡੀ ਪੀ ਦੇ ਸਾਬਕਾ ਵਿਧਾਇਕ ਏਜਾਜ਼ ਅਹਿਮਦ ਮੀਰ ਅਤੇ ਵਪਾਰੀਆਂ ਦੇ ਨੇਤਾ ਸ਼ਕੀਲ ਅਹਿਮਦ ਕਲੰਦਰ ਨੂੰ ਰਿਹਾਅ ਕੀਤਾ ਸੀ। ਐਤਵਾਰ ਤੋਂ ਬਾਅਦ ਅੱਠ ਨੇਤਾਵਾਂ ਨੂੰ ਹਿਰਾਸਤ 'ਚੋਂ ਰਿਹਾਅ ਕੀਤਾ ਗਿਆ ਹੈ।

## ਮੱਧ ਪ੍ਰਦੇਸ਼ ਕੈਬਨਿਟ ਨੇ ਵੀ ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਮਤਾ ਪਾਸ ਕੀਤਾ




ਭੋਪਾਲ, 6 ਫਰਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਸਰਕਾਰ ਦੀ ਕੈਬਨਿਟ ਨੇ ਕੱਲ੍ਹ ਨਾਗਰਿਕਤਾ ਸੋਧ ਐਕਟ (ਸੀ ਏ ਏ) ਦੇ ਖ਼ਿਲਾਫ਼ ਮਤਾ ਪਾਸ ਕਰ ਕੇ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਨਵਾਂ ਕਾਨੂੰਨ ਸੰਵਿਧਾਨ ਦੇ ਧਰਮ ਨਿਰਪੱਖ ਕਿਰਦਾਰ ਦੇ ਵਿਰੁੱਧ ਜਾਣ ਵਾਲਾ ਹੈ।

ਮੁੱਖ ਮੰਤਰੀ ਕਮਲ ਨਾਥ ਦੀ ਅਗਵਾਈ ਵਿੱਚ ਮਤਾ ਪਾਸ ਕਰਨ ਮੌਕੇ ਕਈ ਮੰਤਰੀ ਹਾਜ਼ਰ ਸਨ। ਮੱਧ ਪ੍ਰਦੇਸ਼ 'ਚ ਇਸ ਸਮੇਂ ਕਾਂਗਰਸ ਦੀ ਸਰਕਾਰ ਹੈ। ਸੂਚਨਾ ਤੇ ਲੋਕ ਸੰਪਰਕ ਮੰਤਰੀ ਪੀ ਸੀ ਸ਼ਰਮਾ ਨੇ ਦੱਸਿਆ ਕਿ ਸੂਬਾ ਕੈਬਨਿਟ ਨੇ ਇਸ ਮਤੇ ਵਿੱਚ ਸੀ ਏ ਏ ਨੂੰ 'ਭਾਰਤੀ ਸੰਵਿਧਾਨ ਦੇ ਧਰਮ ਨਿਰਪੱਖ ਕਿਰਦਾਰ ਦੀ ਉਲੰਘਣਾ ਦੱਸਿਆ ਹੈ ਅਤੇ ਕਿਹਾ ਹੈ ਕਿ ਇਸ ਰਾਹੀਂ ਲੋਕਾਂ ਨਾਲ ਧਰਮ ਦੇ ਅਧਾਰ 'ਤੇ ਪੱਖਪਾਤ' ਕੀਤਾ ਜਾ ਰਿਹਾ ਹੈ।' ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਕੇਰਲ, ਪੰਜਾਬ, ਰਾਜਸਥਾਨ ਤੇ ਪੱਛਮੀ ਬੰਗਾਲ ਵਿੱਚ ਸੀ ਏ ਏ ਨੂੰ ਵਾਪਸ ਲੈਣ ਦੀ ਮੰਗ 'ਤੇ ਮਤੇ ਪਾਸ ਕੀਤੇ ਜਾ ਚੁੱਕੇ ਹਨ। ਮੰਤਰੀ ਨੇ ਕਿਹਾ ਕਿ ਦਸੰਬਰ 'ਚ ਪਾਰਲੀਮੈਂਟ ਵਿੱਚ ਸੋਧਿਆ ਕਾਨੂੰਨ ਪਾਸ ਕਰ ਕੇ 'ਦੇਸ਼ ਦੀ ਫ਼ਿਰਕੂ ਏਕਤਾ ਤੇ ਸਹਿਣਸ਼ੀਲ ਸੁਭਾਅ ਨੂੰ ਖ਼ਤਰੇ ਵਿੱਚ ਪਾਇਆ ਜਾ ਰਿਹਾ ਹੈ। ਧਰਮ ਨਿਰਪੱਖਤਾ ਭਾਰਤੀ ਸੰਵਿਧਾਨ ਦੀ ਨੀਂਹ ਹੈ ਤੇ ਇਸ ਨੂੰ ਕਿਸੇ ਵੀ ਸੂਰਤ ਵਿੱਚ ਬਦਲਿਆ ਨਹੀਂ ਜਾ ਸਕਦਾ। ਸੰਵਿਧਾਨ ਵਿੱਚ ਸਪੱਸ਼ਟ ਲਿਖਿਆ ਹੈ ਕਿ ਭਾਰਤ ਧਰਮ ਨਿਰਪੱਖ ਦੇਸ਼ ਹੈ।' ਸੂਬਾਈ ਕੈਬਨਿਟ ਦਾ ਮਤਾ ਪੜ੍ਹਦਿਆਂ ਮੰਤਰੀ ਨੇ ਕਿਹਾ ਕਿ ਸੰਵਿਧਾਨ ਦੀ ਧਾਰਾ 14 ਦੇਸ਼ ਦੇ ਹਰ ਨਾਗਰਿਕ ਨੂੰ ਬਰਾਬਰ ਰੱਖਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸੀ ਏ ਏ ਨੂੰ ਸਿਰਫ਼ ਵਾਪਸ ਨਾ ਲਾਵੇ, ਸਗੋਂ ਬਲਕਿ ਲੋਕ ਮਨਾਂ 'ਚ ਬਣੇ ਖ਼ਦਸ਼ਿਆਂ ਨੂੰ ਵੀ ਦੂਰ ਕਰੇ।

## ਦਿੱਲੀ ਵਿੱਚ ਕੇਜਰੀਵਾਲ ਉੱਤੇ ਸਿੱਖ ਵਿਰੋਧੀ ਹੋਣ ਦੇ ਦੋਸ਼ ਲੱਗੇ

ਨਵੀਂ ਦਿੱਲੀ, 6 ਫਰਵਰੀ (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਵੇਂ ਵਿਰੋਧੀ ਪਾਰਟੀਆਂ ਦੇ ਕੋਲ ਆਮ ਆਦਮੀ ਪਾਰਟੀ ਦੇ ਖਿਲਾਫ ਕੋਈ ਵੱਡਾ ਮੁੱਦਾ ਨਹੀਂ, ਪਰ ਸਿੱਖਾਂ ਵਿੱਚ ਆਮ ਆਦਮੀ ਪਾਰਟੀ ਅਤੇ ਅਰਵਿੰਦ ਕੇਜਰੀਵਾਲ ਦੇ ਖਿਲਾਫ ਗੁੱਸਾ ਭੜਕਾਇਆ ਜਾ ਰਿਹਾ ਹੈ।

ਇਸ ਮਾਮਲੇ ਵਿੱਚ ਦਿੱਲੀ ਦੇ ਸਿੱਖ ਨੇਤਾਵਾਂ ਨੇ ਦੱਸਿਆਂ ਕਿ ਆਮ ਆਦਮੀ ਪਾਰਟੀ ਨੇ ਦਿੱਲੀ 'ਚ ਸਿੱਖਾਂ ਲਈ ਕੁਝ ਨਹੀਂ ਕੀਤਾ, ਸਗੋਂ ਸਿੱਖਾਂ ਦੇ ਹੱਕ ਖੋਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਅਤੇ ਭਾਜਪਾ ਦੋਵਾਂ ਉੱਤੇ ਆਰ ਐੱਸ ਐੱਸ ਦਾ ਪ੍ਰਛਾਵਾਂ ਹੈ, ਜਿਸ ਕਾਰਨ ਸਿੱਖਾਂ ਨਾਲ ਧੱਕਾ ਹੋ ਰਿਹਾ ਹੈ। ਕਾਂਗਰਸ ਦੇ ਸਿਰ ਪਹਿਲਾਂ ਹੀ ਸਿੱਖ ਵਿਰੋਧੀ ਹੋਣ ਦਾ ਦੋਸ਼ ਹੈ, ਇੱਕ ਆਮ ਆਦਮੀ ਪਾਰਟੀ ਬਚੀ ਸੀ, ਜਿਸ ਤੋਂ ਸਿੱਖਾਂ ਨੂੰ ਆਸ ਸੀ ਕਿ ਉਹ ਸਿੱਖਾਂ ਦੇ ਹੱਕਾਂ ਦਾ ਖਿਆਲ ਰੱਖੇਗੀ, ਪਰ ਇਹ ਪਾਰਟੀ ਰਵਾਇਤੀ ਪਾਰਟੀਆਂ ਤੋਂ ਵੀ ਦੋ ਕਦਮ ਅੱਗੇ ਜਾ ਰਹੀ ਹੈ।

ਦਿੱਲੀ ਦੇ ਸਿੱਖ ਆਗੂਆਂ ਨੇ ਕਿਹਾ ਕਿ ਕੇਜਰੀਵਾਲ ਦਾ ਸਿੱਖ ਵਿਰੋਧੀ ਚਿਹਰਾ ਇਸ ਗੱਲ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਦਿੱਲੀ ਵਿੱਚ ਸਿੱਖਾਂ ਦੀਆਂ ਚਾਰ ਸੀਟਾਂ ਪੱਕੀਆਂ ਸਨ, ਜਿੱਥੋਂ ਉਹ ਵਿਧਾਨ ਸਭਾ ਚੋਣਾਂ ਲੜਦੇ ਸਨ, ਪਰ ਇਸ ਪਾਰਟੀ ਨੇ ਉਨ੍ਹਾਂ ਚਾਰ ਵਿੱਚੋਂ ਦੋ ਸੀਟਾਂ ਉਤੇ ਸਿੱਖ ਉਮੀਦਵਾਰਾਂ ਦਾ ਹੱਕ ਖੋਹ ਲਿਆ ਹੈ। ਉਨ੍ਹਾ ਦੱਸਿਆ ਕਿ ਦਿੱਲੀ ਵਿੱਚ ਸਿਰਫ ਦੋ ਸੀਟਾਂ



ਤਿਲਕ ਨਗਰ ਤੋਂ ਜਰਨੈਲ ਸਿੰਘ ਅਤੇ ਚਾਂਦਨੀ ਚੌਕ ਤੋਂ ਪ੍ਰਹਿਲਾਦ ਸਿੰਘ ਨੂੰ ਆਮ ਆਦਮੀ ਪਾਰਟੀ ਨੇ ਮੈਦਾਨ ਵਿੱਚ ਉਤਾਰਿਆ ਹੈ, ਜਦ ਕਿ ਭਾਜਪਾ ਨੇ ਚਾਰ ਸੀਟਾਂ ਰਾਜਿੰਦਰ ਨਗਰ ਤੋਂ ਆਰ ਪੀ ਸਿੰਘ, ਕਿੰਗਜ਼ਵੇ ਕੈਂਪ ਤੋਂ ਸੁਰਿੰਦਰ ਸਿੰਘ ਬਿੱਟੂ, ਜੰਗਪੁਰਾ ਤੋਂ ਇਨਪ੍ਰੀਤ ਬਖਸ਼ੀ, ਹਰੀਨਗਰ ਤੋਂ ਤਜਿੰਦਰ ਸਿੰਘ ਬੱਗਾ ਨੂੰ ਮੈਦਾਨ ਵਿੱਚ ਉਤਾਰਿਆ ਗਿਆ ਹੈ। ਕਾਂਗਰਸ ਨੇ ਸਭ ਤੋਂ ਵੱਧ ਪੰਜ ਸੀਟਾਂ 'ਤੇ ਸਿੱਖ ਉਮੀਦਵਾਰ ਬਣਾਏ ਹਨ। ਇਨ੍ਹਾਂ ਵਿੱਚ ਅਰਵਿੰਦਰ ਸਿੰਘ ਲਵਲੀ ਅਤੇ ਗੁਰਬਿੰਦਰ ਸਿੰਘ ਰਾਜੂ ਯਮੁਨਾ ਪਾਰ ਤੋਂ, ਤਰਵਿੰਦਰ ਸਿੰਘ ਮਰਵਾਹਾ ਜੰਗਪੁਰਾ ਤੋਂ, ਅਮਨਦੀਪ ਸੂਦਨ ਰਾਜੌਰੀ ਗਾਰਡਨ ਅਤੇ ਰਵਿੰਦਰ ਸਵੀਟਾ ਨੂੰ ਵਿਕਾਸਪੁਰੀ ਤੋਂ ਖੜਾ ਕੀਤਾ ਗਿਆ ਹੈ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ ਕੇ ਨੇ ਕਿਹਾ ਆਮ ਆਦਮੀ ਪਾਰਟੀ ਜੋ ਮਰਜ਼ੀ ਡਰਾਮੇ ਕਰੇ, ਉਸ ਦਾ ਸਿੱਖ ਵਿਰੋਧੀ ਚਿਹਰਾ ਕਿਸੇ ਤੋਂ ਲੁਕਿਆ ਨਹੀਂ। ਚਾਰ ਸਿੱਖ ਸੀਟਾਂ ਘੱਟ ਕਰ ਕੇ ਦੋ ਕਰਨਾ, ਫਰਜ਼ੀ ਐੱਸ ਆਈ ਟੀ ਬਣਾ ਕੇ ਸਿੱਖਾਂ ਨੂੰ ਨਿਆਂ ਦਿਵਾਉਣ ਦਾ ਵਾਅਦਾ ਕਰ ਕੇ ਮੁਕਰ ਜਾਣਾ, 1100 ਪੰਜਾਬੀ ਟੀਚਰ ਦਿੱਲੀ ਵਿੱਚ ਭਰਤੀ ਕਰਨ ਦਾ ਦਾਅਵਾ ਕਰ ਕੇ ਭੁੱਲ ਜਾਣਾ, ਵਿਡੋ ਕਲੋਨੀ ਦੇ ਵਾਸੀਆਂ ਨੂੰ ਮਾਲਕੀ ਹੱਕ ਦੇਣ ਦਾ ਵਾਅਦਾ ਕਰ ਕੇ ਮੁਕਰ ਜਾਣਾ ਤੇ ਮਨਮੋਹਨ ਸਿੰਘ ਸਰਕਾਰ ਦੇ ਸਮੇਂ ਦੰਗਾ ਪੀੜਤ ਸਿੱਖਾਂ ਲਈ ਐਲਾਨ ਕੀਤੇ 764 ਕਰੋੜ ਰੁਪਏ ਦੇ ਪੈਕੇਜ ਵਿੱਚੋਂ ਇੱਕ ਪਾਈ ਵੀ ਸਿੱਖਾਂ ਨੂੰ ਨਾ ਦੇਣਾ ਸਾਬਤ ਕਰਦਾ ਹੈ ਕਿ ਕੇਜਰੀਵਾਲ ਦੀ ਸਿੱਖਾਂ ਪ੍ਰਤੀ ਕੀ ਸੋਚ ਹੈ।

## ਗਲਤ ਤੇ ਭਰਮਾਊ ਟਵੀਟ ਰੀ-ਟਵੀਟ ਕਰਨ ਤੋਂ ਪਹਿਲਾਂ ਚੇਤਾਵਨੀ ਦਿੱਸੇਗੀ

ਨਵੀਂ ਦਿੱਲੀ, 6 ਫਰਵਰੀ (ਪੋਸਟ ਬਿਊਰੋ)- ਟਵਿਟਰ ਉਤੇ ਕੁਝ ਦਿਨਾਂ ਵਿੱਚ ਅਜਿਹੀ ਸਹੂਲਤ ਆਵੇਗੀ, ਜੋ ਭਰਮਾਊ ਜਾ ਗਲਤ ਜਾਣਕਾਰੀ ਵਾਲੇ ਕਿਸੇ ਟਵੀਟ ਨੂੰ ਰੀ-ਟਵੀਟ ਕਰਨ 'ਤੇ ਯੂਜ਼ਰ ਨੂੰ ਚੇਤਾਵਨੀ ਦਿਖਾਵੇਗੀ। ਕੰਪਨੀ ਇਹ ਸੇਵਾ 5 ਮਾਰਚ 2020 ਤੋਂ ਸ਼ੁਰੂ ਕਰ ਦੇਵੇਗੀ। ਇਸ ਦਾ ਮਕਸਦ ਉਸ ਭਰਮਾਊ ਜਾ ਗਲਤ ਜਾਣਕਾਰੀ ਨੂੰ ਫੈਲਣ ਤੋਂ ਰੋਕਣਾ ਹੈ ਜੋ ਸਰਵਜਨ ਦੀ ਸੁਰੱਖਿਆ ਦੇ ਲਈ ਜਾ ਮਤਦਾਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ।




ਕੰਪਨੀ ਨੇ ਕੱਲ੍ਹ ਕਿਹਾ ਕਿ ਉਹ ਜਲਦੀ ਹੀ ਆਪਣੇ ਮੰਚ 'ਤੇ ਟਵੀਟ ਦੀ ਲੇਬਲਿੰਗ ਕਰਨ ਲਗੇਗੀ। ਉਹ 'ਭਰਮਾਊ ਜਾ ਤੋੜ-ਮਰੋੜ ਕੇ ਪੇਸ਼' ਕੀਤੀ ਜਾਣਕਾਰੀ ਦੀ ਪਛਾਣ ਕਰੇਗੀ ਅਤੇ ਲੋਕਾਂ ਨੂੰ ਗਲਤ ਸੂਚਨਾ ਦੇਣ ਵਾਲੇ ਅਜਿਹੇ ਟਵੀਟ ਨੂੰ ਹਟਾਉਣ ਲਈ ਵੀ ਕਦਮ ਉਠਾਏਗੀ। ਇਸ ਦੇ ਇਲਾਵਾ ਭਰਮਾਊ ਜਾਣਕਾਰੀ ਵਾਲੇ ਟਵੀਟ ਨੂੰ ਸਾਂਝਾ ਕਰਨ ਤੋਂ ਪਹਿਲਾਂ ਯੂਜ਼ਰ ਨੂੰ ਚੇਤਾਵਨੀ ਵੀ ਦੇਵੇਗੀ। ਇਸ ਦਾ ਮਕਸਦ ਅਜਿਹੇ ਟਵੀਟ ਦਾ ਪਸਾਰ ਰੋਕਣਾ ਹੈ। ਭਰਮਾਊ ਜਾਣਕਾਰੀਆਂ ਦੇ ਖ਼ਿਲਾਫ਼ ਟਵਿਟਰ ਦੇ ਕਦਮ ਦਾ ਐਲਾਨ ਉਸ ਸਮੇਂ ਕੀਤਾ ਗਿਆ ਹੈ ਜਦੋਂ ਦੁਨੀਆ ਭਰ ਵਿੱਚ ਸੋਸ਼ਲ ਮੀਡੀਆ 'ਤੇ ਫ਼ਰਜ਼ੀ ਜਾ ਛੇੜਛਾੜ ਕੀਤੀ ਜਾਣਕਾਰੀ, ਫ਼ਰਜ਼ੀ ਵੀਡੀਓ ਅਤੇ ਉਸ ਦੇ ਭਿਆਨਕ ਪ੍ਰਭਾਵਾਂ ਨੂੰ ਲੈ ਕੇ ਚਿੰਤਾਵਾਂ ਜ਼ਾਹਰ ਕੀਤੀ ਜਾ ਰਹੀ ਹੈ। ਕਿਸੇ ਵੀਡੀਓ ਦੇ ਭਰਮਾਊ ਹੋਣ ਦੀ ਜਾਂਚ ਦੇ ਲਈ ਕੰਪਨੀ ਇਹ ਦੇਖੇਗੀ ਕੀ ਕਿ ਉਸ ਵੀਡੀਓ ਨੂੰ ਇਸ ਤਰ੍ਹਾਂ ਤੋਂ ਸੰਪਾਦਿਤ ਕੀਤਾ ਗਿਆ ਹੈ ਜਿਸ ਨਾਲ ਉਸ ਦਾ ਮੂਲ ਭਾਵ ਅਤੇ ਅਨੁਕਰਮ ਬਦਲ ਗਿਆ ਹੈ। ਇਸ ਦੇ ਇਲਾਵਾ ਕੰਪਨੀ ਵੀਡੀਓ ਨੂੰ ਨਵੇਂ ਫ੍ਰੇਮ ਵਿੱਚ ਢਾਲਣ, ਉਪਰੋਂ ਆਵਾਜ਼ ਡਾਲਣ ਅਤੇ ਸਬਟਾਈਟਲ ਦੇ ਸੰਸ਼ੋਬਿਤ ਕੀਤੇ ਜਾਣ ਦੀ ਵੀ ਜਾਂਚ ਕਰੇਗੀ। ਕੰਪਨੀ ਇਹ ਵੀ ਦੇਖੇਗੀ ਕਿ ਕਿਸੇ ਵਿਅਕਤੀ ਨੂੰ ਦਿਖਾਣ ਵਾਲੇ ਵੀਡੀਓ ਨੂੰ ਬਣਾਇਆ ਗਿਆ ਹੈ ਜਾ ਉਸ ਨੂੰ ਗੜਾ ਗਿਆ ਹੈ।

## ਵੱਖ-ਵੱਖ ਵਿਭਾਗਾਂ 'ਚ ਤਕਰੀਬਨ ਸੱਤ ਲੱਖ ਅਸਾਮੀਆਂ ਖ਼ਾਲੀ: ਕੇਂਦਰ ਸਰਕਾਰ

ਨਵੀਂ ਦਿੱਲੀ, 6 ਫਰਵਰੀ (ਪੋਸਟ ਬਿਊਰੋ)- ਵੱਖ-ਵੱਖ ਸਰਕਾਰੀ ਵਿਭਾਗਾਂ 'ਚ ਕਰੀਬ ਸੱਤ ਲੱਖ ਅਸਾਮੀਆਂ ਖ਼ਾਲੀ ਹਨ। ਕੇਂਦਰ ਸਰਕਾਰ ਨੇ 6.83 ਲੱਖ ਖ਼ਾਲੀ ਅਸਾਮੀਆਂ ਹੋਣ ਦੀ ਇਹ ਜਾਣਕਾਰੀ ਲੋਕ ਸਭਾ ਵਿੱਚ ਇੱਕ ਸਵਾਲ ਦੇ ਲਿਖ਼ਤੀ ਜਵਾਬ 'ਚ ਦਿੱਤੀ ਹੈ। ਇਹ ਅੰਕੜੇ ਅਮਲਾ ਮੰਤਰਾਲੇ ਦੀ 1 ਮਾਰਚ, 2018 ਦੀ ਸਾਲਾਨਾ ਰਿਪੋਰਟ ਦੇ ਬਾਰੇ ਸਵਾਲ 'ਚ ਮੰਗੀ ਜਾਣਕਾਰੀ ਵਜੋਂ ਰੱਖੇ ਗਏ। ਅਮਲਾ ਬਾਰੇ ਰਾਜ ਮੰਤਰੀ ਜਤਿੰਦਰ ਸਿੰਘ ਨੇ ਇਨ੍ਹਾਂ ਖ਼ਾਲੀ ਅਸਾਮੀਆਂ ਲਈ ਸੇਵਾ-ਮੁਕਤੀ, ਅਸਤੀਫ਼ੇ, ਮੌਤ ਅਤੇ ਤਰੱਕੀ ਦੇ ਕਾਰਨਾਂ ਨੂੰ ਜ਼ਿੰਮੇਵਾਰ ਦੱਸਿਆ।




ਸਰਕਾਰ ਦੇ ਮੁਤਾਬਕ ਚਾਲੂ ਮਾਲੀ ਸਾਲ 201920 ਲਈ ਯੂ ਪੀ ਐਸ ਸੀ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਅਤੇ ਐਸ ਐਸ ਸੀ ਅਤੇ ਰੇਲਵੇ ਭਰਤੀ ਬੋਰਡ ਦੀਆਂ ਤਕਰੀਬਨ ਡੇਢ ਲੱਖ ਖ਼ਾਲੀ ਅਸਾਮੀਆਂ ਨੂੰ ਭਰਨ ਦੀ ਸਿਫ਼ਾਰਿਸ਼ ਕੀਤੀ ਗਈ ਹੈ। ਜਵਾਬ ਦੇ ਮੁਤਾਬਕ ਖ਼ਾਲੀ ਅਸਾਮੀਆਂ ਨੂੰ ਭਾਰਤ ਦੀ ਸਭ ਤੋਂ ਵੱਧ ਸਿਫ਼ਾਰਿਸ਼ ਰੇਲਵੇ ਬੋਰਡ ਵਲੋਂ ਕੀਤੀ ਗਈ ਹੈ, ਜਿਸ ਨੇ 1,16,391 ਖ਼ਾਲੀ ਅਸਾਮੀਆਂ ਦੀ ਸਰਕਾਰ ਨੂੰ ਸੂਚਨਾ ਦਿੱਤੀ ਹੈ। ਐਸ ਐਸ ਸੀ ਨੇ 13395 ਅਤੇ ਯੂ ਪੀ ਐਸ ਸੀ ਨੇ 4399 ਖ਼ਾਲੀ ਅਸਾਮੀਆਂ ਦੀ ਸੂਚਨਾ ਦਿੱਤੀ ਹੈ। ਮੰਤਰੀ ਨੇ ਅਸਾਮੀਆਂ ਭਰਨ ਨੂੰ ਇੱਕ ਨਿਰੰਤਰ ਕੰਮ ਕਰਾਰ ਦਿੰਦਿਆਂ ਕਿਹਾ ਕਿ ਹਾਲ 'ਚ ਸਾਰੇ ਮੰਤਰਾਲਿਆਂ ਅਤੇ ਵਿਭਾਗਾਂ ਨੂੰ ਸਮਾਂਬੱਧ ਹੱਦ ਅੰਦਰ ਅਸਾਮੀਆਂ ਭਰਨ ਦਾ ਅਮਲ ਮੁਕੰਮਲ ਕਰਨ ਨੂੰ ਕਿਹਾ ਗਿਆ ਹੈ।

## ਸਰਕਾਰੀ ਬੰਗਲੇ ਖਾਲੀ ਨਹੀਂ ਕੀਤੇ ਜਾਂਦੇ ਤਾਂ ਸਾਮਾਨ ਸੜਕ ਉੱਤੇ ਰੱਖ ਦਿਓ: ਕੋਰਟ

ਨਵੀਂ ਦਿੱਲੀ, 6 ਫਰਵਰੀ (ਪੋਸਟ ਬਿਊਰੋ)- ਦਿੱਲੀ ਵਿੱਚ ਸਰਕਾਰੀ ਬੰਗਲਿਆਂ ਉੱਤੇ ਨਾਜਾਇਜ਼ ਕਬਜ਼ਾ ਕਰ ਕੇ ਬੈਠੇ ਸਾਬਕਾ ਪਾਰਲੀਮੈਂਟ ਮੈਂਬਰਾਂ, ਸਾਬਕਾ ਵਿਧਾਇਕਾਂ ਅਤੇ ਨੌਕਰਸ਼ਾਹਾਂ ਦੇ ਖਿਲਾਫ ਜਨਹਿਤ ਪਟੀਸ਼ਨ ਉਤੇ ਦਿੱਲੀ ਹਾਈ ਕੋਰਟ ਨੇ ਕੇਂਦਰ ਸਰਕਾਰ ਨੂੰ ਖੂਬ ਫਿਟਕਾਰ ਲਾਈ ਹੈ।




ਚੀਫ ਜਸਟਿਸ ਡੀ ਐੱਨ ਪਟੇਲ ਅਤੇ ਜਸਟਿਸ ਸੀ ਹਰੀਸ਼ੰਕਰ ਦੀ ਬੈਂਚ ਨੇ ਕੇਂਦਰ ਸਰਕਾਰ ਨੂੰ ਦੋ ਹਫਤਿਆਂ ਦੇ ਅੰਦਰ ਸਰਕਾਰੀ ਬੰਗਲਿਆਂ ਨੂੰ ਖਾਲੀ ਕਰਨ ਅਤੇ ਕਬਜ਼ੇਦਾਰਾਂ ਤੋਂ ਬਕਾਇਆ ਧਨਰਾਸ਼ੀ ਵਸੂਲਣ ਦੀ ਪ੍ਰਕਿਰਿਆ ਸ਼ੁਰੂ ਕਰਨ ਦਾ ਹੁਕਮ ਦਿੱਤਾ ਹੈ। ਬੈਂਚ ਨੇ ਦੋ ਟੂਕ ਕਿਹਾ ਕਿ ਜਿਨ੍ਹਾਂ ਕਬਜ਼ੇਦਾਰਾਂ ਕੋਲ ਕਿਸੇ ਵੀ ਅਦਾਲਤ ਜਾਂ ਟ੍ਰਿਬਿਊਨਲ ਤੋਂ ਸਟੇਅ ਨਹੀਂ ਹੈ, ਉਨ੍ਹਾਂ ਨੂੰ ਦੋ ਹਫਤਿਆਂ ਵਿੱਚ ਹਟਾਉਣ ਤੇ ਜੇ ਉਹ ਖਾਲੀ ਨਾ ਕਰਨ ਤਾਂ ਉਨ੍ਹਾਂ ਦਾ ਸਾਮਾਨ ਕੱਢ ਕੇ ਸੜਕ 'ਤੇ ਰੱਖ ਦਿਓ। ਪਟੀਸ਼ਨ 'ਤੇ ਅਗਲੀ ਸੁਣਵਾਈ 27 ਫਰਵਰੀ ਨੂੰ ਹੋਵੇਗੀ।

ਜੁਡੀਸ਼ਲ ਜੱਜਾਂ ਦੀ ਸਰਕਾਰੀ ਰਿਹਾਇਸ਼ ਦੀ ਮੰਗ ਬਾਰੇ ਇੱਕ ਵਕੀਲ ਵੱਲੋਂ ਦਾਇਰ ਪਟੀਸ਼ਨ ਉਤੇ ਮੁੱਖ ਬੈਂਚ ਨੇ ਕਿਹਾ ਕਿ ਜੇ ਕੋਈ ਸਰਕਾਰੀ ਬੰਗਲੇ 'ਤੇ ਨਾਜਾਇਜ਼ ਕਬਜ਼ਾ ਕਰਦਾ ਹੈ ਤਾਂ ਫਿਰ ਉਸ ਨੂੰ ਖਾਲੀ ਕਰਾਉਣ ਦੇ ਲਈ ਤੁਹਾਨੂੰ ਪੰਜ ਸਾਲਾ ਯੋਜਨਾ ਨਹੀਂ ਚਾਹੀਦੀ। ਬੈਂਚ ਨੇ ਸਵਾਲ ਕੀਤਾ ਕਿ ਕੀ ਤੁਸੀਂ ਕਬਜ਼ੇਦਾਰਾਂ ਨੂੰ ਬਕਾਏ ਦਾ ਨੋਟਿਸ ਜਾਰੀ ਕੀਤਾ ਸੀ। ਬੈਂਚ ਨੇ ਕਿਹਾ ਕਿ 600 ਸਰਕਾਰੀ ਰਿਹਾਇਸ਼ਾਂ 'ਤੇ ਨਾਜਾਇਜ਼ ਕਬਜ਼ਾ ਹੈ ਅਤੇ ਕੁਝ ਤਾਂ 1998 ਤੋਂ ਉਥੇ ਨਾਜਾਇਜ਼ ਤਰੀਕੇ ਨਾਲ ਰਹਿ ਰਹੇ ਹਨ। ਬੈਂਚ ਨੇ ਕਿਹਾ ਕਿ ਹਰ ਇੱਕ ਕਬਜ਼ੇਦਾਰ ਨੂੰ ਲੱਖਾਂ ਦਾ ਬਕਾਇਆ ਦੇਣਾ ਹੈ, ਆਖਰ ਤੁਸੀਂ ਖਾਲੀ ਕਿਉਂ ਨਹੀਂ ਕਰਾਇਆ। ਬੈਂਚ ਨੇ ਕਿਹਾ ਕਿ ਆਮ ਨਾਗਰਿਕ ਟੈਕਸ ਜਮ੍ਹਾ ਕਰਦਾ ਹੈ ਤੇ ਤੁਸੀਂ ਸਾਲਾਂ ਤੋਂ ਨਾਜਾਇਜ਼ ਕਬਜ਼ੇਦਾਰਾਂ ਨੂੰ ਮੁਫਤ ਸਰਕਾਰੀ ਰਿਹਾਇਸ਼, ਬਿਜਲੀ ਅਤੇ ਪਾਣੀ ਮੁਹੱਈਆ ਕਰਵਾ ਰਹੇ ਹੋ।

ਬੈਂਚ ਨੇ ਕਿਹਾ ਕਿ ਇਹ ਇਤਰਾਜ਼ ਕੇਂਦਰ ਸਰਕਾਰ ਵੱਲੋਂ ਦਾਖਲ ਉਸ ਐਫੀਡੇਵਿਟ 'ਤੇ ਕੀਤਾ। ਇਸ ਵਿੱਚ ਕੇਂਦਰ ਸਰਕਾਰ ਨੇ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਸਰਕਾਰੀ ਬੰਗਲਿਆਂ ਵਿੱਚ ਕਾਬਜ਼ 11 ਸਾਬਕਾ ਪਾਰਲੀਮੈਂਟ ਮੈਂਬਰ ਹਨ ਅਤੇ ਇਨ੍ਹਾਂ 'ਤੇ ਕਰੀਬ 35 ਲੱਖ ਰੁਪਏ ਦਾ ਬਕਾਇਆ ਹੈ। ਇਸ ਦੇ ਨਾਲ 565 ਸਰਕਾਰੀ ਰਿਹਾਇਸ਼ਾਂ ਅਜਿਹੀਆਂ ਹਨ ਜਿਨ੍ਹਾਂ ਵਿੱਚ ਸੇਵਾਮੁਕਤ ਅਧਿਕਾਰੀ ਅਤੇ ਨੌਕਰਸ਼ਾਹ ਨਾਜਾਇਜ਼ ਤਰੀਕੇ ਨਾਲ ਰਹਿ ਰਹੇ ਹਨ।

## ਕੋਆਪਰੇਟਿਵ ਬੈਂਕਾਂ ਨੂੰ ਰਿਜ਼ਰਵ ਬੈਂਕ ਰੈਗੂਲੇਟ ਕਰੇਗਾ

ਨਵੀਂ ਦਿੱਲੀ, 6 ਫਰਵਰੀ (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਨੇ ਕੋਆਪਰੇਟਿਵ ਬੈਂਕਾਂ ਨੂੰ ਲੈ ਕੇ ਵੱਡਾ ਫੈਸਲਾ ਕੀਤਾ ਹੈ। ਕੇਂਦਰੀ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਕਿਹਾ ਕਿ ਅੱਗੇ ਤੋਂ ਸਾਰੇ ਕੋਆਪਰੇ-ਟਿਵ ਬੈਂਕਾਂ ਨੂੰ ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਰੈਗੂਲੇਟ ਕਰੇਗਾ।




ਅਸਲ ਵਿੱਚ ਪਿਛਲੇ ਦਿਨੀਂ ਲਗਾਤਾਰ ਦੇਸ਼ ਦੇ ਕਈ ਹਿੱਸਿਆਂ ਤੋਂ ਕੋਆ-ਪਰੇਟਿਵ ਬੈਂਕਾਂ ਵਿੱਚ ਫਰਾਡ ਦੇ ਮਾਮਲੇ ਸਾਹਮਣੇ ਆਏ ਹਨ, ਜਿਸ ਤੋਂ ਬਾਅਦ ਸਰਕਾਰ ਅਜਿਹੇ ਕੇਸਾਂ ਨੂੰ ਰੋਕਣ ਲਈ ਪਲਾਨ ਬਣਾਉਣ 'ਚ ਜੁਟੀ ਸੀ। ਪਿਛਲੇ ਸਾਲ ਪੰਜਾਬ ਐਂਡ ਮਹਾਰਾਸ਼ਟਰ ਕੋਆਪਰੇਟਿਵ ਬੈਂਕ ਦਾ ਮਾਮਲਾ ਸਾਹਮਣੇ ਆਇਆ ਸੀ। ਉਦੋਂ ਇਸ ਬੈਂਕ ਨੂੰ ਆਰ ਬੀ ਆਈ ਨੇ ਆਪਣੇ ਕੰਟਰੋਲ 'ਚ ਲੈ ਲਿਆ ਸੀ। ਦੇਸ਼ ਭਰ 'ਚ ਕਰੀਬ 1540 ਸਹਿਕਾਰੀ ਯਾਨੀ ਕੋਆਪਰੇਟਿਵ ਬੈਂਕ ਹਨ। ਇਸ ਤੋਂ ਪਹਿਲਾਂ ਆਰ ਬੀ ਆਈ ਨਿੱਜੀ ਅਤੇ ਸਰਕਾਰੀ ਕੰਟਰੋਲ ਵਾਲੇ ਬੈਂਕਾਂ ਨੂੰ ਰੈਗੂਲੇਟ ਕਰਦਾ ਸੀ। ਪ੍ਰਕਾਸ਼ ਜਾਵਡੇਕਰ ਨੇ ਦੱਸਿਆ ਕਿ ਡਿਪਾਜ਼ਿਟਰਸ ਲਈ ਇੱਕ ਹਫਤੇ ਵਿੱਚ ਦੋ ਵੱਡੇ ਕਦਮ ਉਠਾਏ ਗਏ ਹਨ। ਪਹਿਲਾ ਕੋਆਪਰੇਟਿਵ ਬੈਂਕਾਂ ਨੂੰ ਆਰ ਬੀ ਆਈ ਰੈਗੂਲੇਟ ਕਰੇਗਾ ਅਤੇ ਇਸ ਨੂੰ ਲੜੀਵਾਰ ਤਰੀਕੇ ਨਾਲ ਲਾਗੂ ਕੀਤਾ ਜਾਵੇਗਾ। ਬਜਟ ਵਿੱਚ ਡਿਪਾਜ਼ਿਟ ਇੰਸ਼ੋਰੈਂਸ ਦੀ ਲਿਮਟ ਇੱਕ ਲੱਖ ਤੋਂ ਵਧਾ ਕੇ ਪੰਜ ਲੱਖ ਰੁਪਏ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਫੈਸਲੇ ਨਾਲ 99 ਫੀਸਦੀ ਡਿਪਾਜ਼ਿਟਰਸ ਨੂੰ ਲਾਭ ਹੋਵੇਗਾ। ਇਸ ਤੋਂ ਇਲਾਵਾ ਸਰਕਾਰ ਦਾ ਕਹਿਣਾ ਹੈ ਕਿ ਸਰਕਾਰੀ ਬੈਂਕਾਂ ਦਾ ਰਲੇਵਾਂ ਇਸ ਦਿਸ਼ਾ ਵਿੱਚ ਕਦਮ ਹੈ। ਸਰਕਾਰ ਨੇ ਬਜਟ ਵਿੱਚ ਆਈ ਡੀ ਬੀ ਆਈ ਬੈਂਕ 'ਚ ਆਪਣੀ ਹਿੱਸੇਦਾਰੀ ਵੇਚਣ ਦਾ ਐਲਾਨ ਕੀਤਾ ਹੈ, ਕਿਉਂਕਿ ਜਿੰਨੇ ਘੱਟ ਬੈਂਕ ਹੋਣਗੇ, ਵਿਵਸਥਾ ਓਨੀ ਬਿਹਤਰ ਹੋਵੇਗੀ।

## ਦਿੱਲੀ ਵਿਧਾਨ ਸਭਾ ਵਿੱਚ ਚੋਰ ਜਾ ਵੜਿਆ


ਨਵੀਂ ਦਿੱਲੀ, 6 ਫਰਵਰੀ (ਪੋਸਟ ਬਿਊਰੋ)- ਆਮ ਆਦਮੀ ਦੇ ਘਰਾਂ ਦੀ ਗੱਲ ਛੱਡੋ, ਰਾਜਧਾਨੀ ਦਿੱਲੀ ਦੀ ਵਿਧਾਨ ਸਭਾ ਵੀ ਸੁਰੱਖਿਅਤ ਨਹੀਂ ਰਹੀ। ਵਿਧਾਨ ਸਭਾ ਵਿੱਚ ਚੋਰ ਜਾ ਵੜੇ ਹਨ।

ਪਤਾ ਲੱਗਾ ਹੈ ਕਿ ਚੋਰ ਪੂਰਬੀ ਦਿੱਲੀ ਵਿੱਚ ਵਿਧਾਨ ਸਭਾ ਦੇ ਕਮਰਾ ਨੰਬਰ 133 ਵਿੱਚ ਰਖਿਆ ਪਿਆ ਖ਼ਰਾਬ ਇਲੈਕਟ੍ਰੋਨਿਕ ਸਾਮਾਨ ਚੋਰੀ ਕਰ ਕੇ ਲੈ ਜਾ ਰਹੇ ਸਨ, ਪਰ ਗੇਟ 'ਤੇ ਪੁਲਸ ਨੇ ਉਨ੍ਹਾਂ ਨੇ ਰੋਕ ਲਿਆ ਅਤੇ ਉਨ੍ਹਾਂ ਦੇ ਕਬਾੜ ਦੇ ਥੱਲੇ ਕੁਝ ਇਲੈਕਟ੍ਰੋਨਿਕ ਸਾਮਾਨ ਮਿਲ ਗਿਆ। ਇਸ ਪਿੱਛੋਂ ਸਿਵਲ ਲਾਈਨਸ ਪੁਲਸ ਨੇ ਕੇਸ ਦਰਜ ਕਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਦੇ ਮੁਤਬਾਕ ਦੋਸ਼ੀ ਮੁਹੰਮਦ ਅਤੇ ਨਦੀਪ ਵਿਧਾਨ ਸਭਾ ਵਿੱਚ ਹੀ ਰਿਨੋਵੇਸ਼ਨ ਦਾ ਕੰਮ ਕਰ ਰਹੇ ਸਨ ਅਤੇ ਮੌਕਾ ਪਾ ਕੇ ਉਹ ਇਲੈਕਟ੍ਰੋਨਿਕ ਦਾ ਸਾਮਾਨ ਚੋਰੀ ਕਰ ਰਹੇ ਸਨ।

ਅਧਿਕਾਰੀਆਂ ਨੇ ਦੱਸਿਆ ਕਿ ਦਿੱਲੀ ਪੁਲਸ ਦੀ ਸੁਰੱਖਿਆ ਯੂਨਿਟ ਦਾ ਐਸ ਆਈ ਰਾਮ ਸਿੰਘ ਵਿਧਾਨ ਸਭਾ ਦੇ ਗੇਟ ਨੰਬਰ ਇੱਕ 'ਤੇ ਤਹਿਨਾਤ ਹੈ। ਉਸ ਨੇ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਕੱਲ੍ਹ ਦੁਪਹਿਰ ਕਰੀਬ ਤਿੰਨ ਵਜੇ ਦੋ ਲੜਕੇ ਵਿਧਾਨ ਸਭਾ ਦੇ ਅੰਦਰੋਂ ਆ ਰਹੇ ਸਨ। ਉਨ੍ਹਾਂ ਦੇ ਕੋਲ ਇੱਕ ਠੇਲਾ ਸੀ, ਜਿਸ 'ਤੇ ਕਬਾੜ ਲਦਿਆ ਹੋਇਆ ਸੀ। ਉਹ ਪੁਲਸ ਨੂੰ ਦੇਖ ਕੇ ਘਵਰਾ ਗਏ ਅਤੇ ਪੁਲਸ ਨੇ ਉਨ੍ਹਾਂ ਨੂੰ ਰੋਕ ਕੇ ਪੁੱਛਗਿੱਛ ਕੀਤੀ ਅਤੇ ਠੇਲੇ ਉਤੇ ਲਦੇ ਸਾਮਾਨ ਦੇ ਬਾਰੇ ਵਿੱਚ ਸਖ਼ਤੀ ਨਾਲ ਪੁੱਛਿਆ ਤਾਂ ਉਨ੍ਹਾਂ ਨੇ ਦੱਸਿਆ ਕਿ ਉਹ ਸਾਮਾਨ ਚੋਰੀ ਕਰ ਕੇ ਲੈ ਜਾ ਰਹੇ ਸੀ।

## ਦੁੱਗਣੇ ਰਿਟਰਨ ਵਾਲੀ ਬੀਮਾ ਪਾਲਿਸੀ ਦਾ ਝਾਂਸਾ ਦੇ ਕੇ ਅੰਬਾਲਾ ਦੇ ਡਾਕਟਰ ਪਰਿਵਾਰ ਤੋਂ 434 ਕਰੋੜ ਠੱਗੇ

ਅੰਬਾਲਾ, 6 ਫਰਵਰੀ (ਪੋਸਟ ਬਿਊਰੋ)- ਅੰਬਾਲਾ ਕੈਂਟ ਵਿੱਚ ਸਿੰਗਲਾ ਹਸਪਤਾਲ ਦੇ ਸੰਚਾਲਕ ਜਨਰਲ ਫਿਜੀਸ਼ੀਅਨ ਡਾਕਟਰ ਓਮ ਪ੍ਰਕਾਸ਼ ਸਿੰਗਲਾ ਦੇ ਪਰਵਾਰ ਤੋਂ ਦੁੱਗਣਾ ਰਿਟਰਨ ਦੇਣ ਦੀ ਇੰਸ਼ੋਰੈਂਸ ਪਾਲਿਸੀ ਦੇ ਨਾਂਅ 'ਤੇ 4.34 ਕਰੋੜ ਰੁਪਏ ਦੀ ਠੱਗੀ ਦਾ ਪਤਾ ਲੱਗਾ ਹੈ। ਉਨ੍ਹਾਂ ਨੂੰ ਝਾਂਸਾ ਦਿੱਤਾ ਗਿਆ ਸੀ ਕਿ ਪਾਲਿਸੀ ਮੈਚਿਓਰਿਟੀ 'ਤੇ ਪੰਜਾਹ ਕਰੋੜ ਰੁਪਏ ਮਿਲਣਗੇ। ਪੰਜ ਸਾਲ ਤੱਕ ਸਿੰਗਲਾ ਪਰਵਾਰ ਵੱਖ-ਵੱਖ ਪਾਲਿਸੀ ਦੇ ਨਾਂਅ ਉੱਤੇ ਪ੍ਰੀਮੀਅਮ ਜਮ੍ਹਾ ਕਰਦਾ ਰਿਹਾ। ਉਸ ਦੇ ਬਾਅਦ ਮੈਚਿਓਰ ਪਾਲਿਸੀ ਦਾ ਪੈਸਾ ਰਿਫੰਡ ਕਰਾਉਣ ਦੇ ਨਾਂਅ 'ਤੇ ਵੀ ਲੱਖਾਂ ਰੁਪਏ ਦਿੱਤੇ।




ਕੈਂਟ ਥਾਣੇ ਵਿੱਚ ਨੌਂ ਦੋਸ਼ੀਆਂ: ਕਪਿਲ ਨਾਰੰਗ, ਪ੍ਰਵੀਨ ਜੈਨ, ਰਵਿੰਦਰ ਤ੍ਰਿਪਾਠੀ, ਸਰੋਜਾ ਕੁਲਕਰਨੀ, ਅਰਪਿਤ ਧੀਂਗਰਾ, ਯਾਦਗਿਰੀ, ਜੈ ਦੱਤ ਸ਼ਰਮਾ, ਰਵੀ ਸਕਸੈਨਾ ਅਤੇ ਕਰੂਨੀਸ਼ ਗਾਂਧੀ ਦੇ ਖਿਲਾਫ ਕੇਸ ਦਰਜ ਹੋਇਆ ਹੈ। ਪੁਲਸ ਮੰਨ ਰਹੀ ਹੈ ਕਿ ਇਹ ਵੀ ਡਾਟਾ ਚੋਰੀ ਦੇ ਜ਼ਰੀਏ ਆਨਲਾਈਨ ਠੱਗੀ ਦਾ ਇੱਕ ਤਰੀਕਾ ਹੈ। ਕਿਉਂਕਿ ਸਾਲ 2014 ਵਿੱਚ ਡਾਕਟਰ ਸਿੰਗਲਾ ਨੇ ਕੁਝ ਪਾਲਿਸੀ ਕਰਾਈਆਂ ਸਨ। ਫਿਰ ਉਨ੍ਹਾਂ ਦੇ ਕੋਲ ਫੋਨ ਆਇਆ। ਫੋਨ ਕਰਨ ਵਾਲੇ ਦੇ ਕੋਲ ਇਨ੍ਹਾਂ ਪਾਲਿਸੀਆਂ ਦੀ ਡਿਟੇਲ ਸੀ। ਉਸ ਵਿਅਕਤੀ ਨੇ ਬਿਹਤਰ ਰਿਟਰਨ ਵਾਲੀ ਪਾਲਿਸੀ ਆਫਰ ਕੀਤੀ। ਇਸੇ ਭਰੋਸੇ ਵਿੱਚ ਸਾਰੀ ਖੇਡ ਹੋਈ। ਮੈਚਿਓਰਿਟੀ ਤੇ ਪਾਲਿਸੀ ਤੁੜਵਾਉਣ ਦੀ ਕੋਸ਼ਿਸ਼ ਕੀਤੀ ਤਾਂ ਕਿਹਾ ਗਿਆ ਕਿ ਭੁਗਤਾਨ ਜ਼ਿਆਦਾ ਹੈ, ਇਸ ਲਈ ਕੇਸ ਹੈਡ ਆਫਿਸ ਭੇਜਿਆ ਹੈ। ਇੱਕ ਸਾਲ ਦੌਰਾਨ ਫਾਈਲ ਕਲੀਅਰ ਕਰਾਉਣ ਦੀ ਗੱਲ ਕਹਿ ਕੇ ਟੈਕਸ ਦੇ ਨਾਂਅ 'ਤੇ ਲੱਖਾਂ ਰੁਪਏ ਲਏ। ਅਗਸਤ 2019 ਤੋਂ ਦਸੰਬਰ 2019 ਤੱਕ ਸਰੋਜਾ, ਅਰਪਿਤ ਤੇ ਜੈ ਦੱਤ ਨਾਂਅ ਦੇ ਆਦਮੀ ਨੇ ਖੁਦ ਨੂੰ ਦਿੱਲੀ ਦਫਤਰ ਦਾ ਦੱਸਦੇ ਹੋਏ ਗੱਲ ਕੀਤੀ। ਉਨ੍ਹਾਂ ਨੂੰ ਕਿਹਾ ਗਿਆ ਕਿ ਪੰਜਾਹ ਕਰੋੜ ਮਿਲਣੇ ਹਨ। ਆਰ ਬੀ ਆਈ ਅਤੇ ਵਿੱਤ ਮੰਤਰਾਲੇ ਦੀ ਮਨਜ਼ੂਰੀ ਜ਼ਰੂਰੀ ਹੈ। ਇਸ ਲਈ ਹੋਰ ਪੈਸਾ ਦੇਣਾ ਹੋਵੇਗਾ। ਪੁਲਸ ਨੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਇਕੱਲੀ ਔਰਤ ਵੀ ਬਣ ਸਕਦੀ ਹੈ ਸਰੋਗੇਟ ਮਾਂ

ਨਵੀਂ ਦਿੱਲੀ, 6 ਫਰਵਰੀ (ਪੋਸਟ ਬਿਊਰੋ)- ਪਾਰਲੀਮੈਂਟ ਦੀ ਇੱਕ ਕਮੇਟੀ ਨੇ ਕਿਰਾਏ ਦੀ ਕੁੱਖ ਦੇ ਮਾਮਲੇ ਵਿੱਚ ਕਈ ਅਹਿਮ ਸੁਝਾਅ ਦਿੱਤੇ ਹਨ, ਜਿਸ ਦੇ ਬਹੁਤ ਦੂਰਗਾਮੀ ਨਤੀਜੇ ਹੋ ਸਕਦੇ ਹਨ। ਕਮੇਟੀ ਨੇ ਕਿਹਾ ਕਿ ਸਿਰਫ ਨਜ਼ਦੀਕੀ ਰਿਸ਼ਤੇਦਾਰ ਹੀ ਨਹੀਂ, ਕੋਈ ਵੀ ਔਰਤ ਜੇ ਚਾਹੇ ਤਾਂ ਉਸ ਨੂੰ ਸਰੋਗੇਟ ਮਾਂ ਬਣਨ ਦੀ ਖੁੱਲ੍ਹ ਦਿੱਤੀ ਜਾ ਸਕਦੀ ਹੈ। ਰਾਜ ਸਭਾ ਦੀ 23 ਮੈਂਬਰੀ ਚੋਣ ਕਮੇਟੀ ਨੇ ਸਰੋਗੇਸੀ ਬਿੱਲ 2019 'ਚ 15 ਵੱਡੇ ਬਦਲਾਅ ਦੇ ਸੁਝਾਅ ਦਿੱਤੇ ਹਨ। ਇਸ ਵਿੱਚ ਵਿਆਹ ਮਗਰੋਂ ਪੰਜ ਸਾਲ ਤੱਕ ਗਰਭ ਧਾਰਣ 'ਚ ਅਸਮਰਥਾ ਨੂੰ ਬਾਂਝਪਣ ਦੱਸਣ ਵਾਲੀ ਪਰਿਭਾਸ਼ਾ ਖਤਮ ਕਰਨਾ ਸ਼ਾਮਲ ਹੈ। ਕਮੇਟੀ ਨੇ ਕਿਹਾ ਕਿ ਕਿਸੇ ਜੋੜੇ ਲਈ ਬੱਚੇ ਲਈ ਪੰਜ ਸਾਲ ਦੀ ਉਡੀਕ ਬਹੁਤ ਲੰਬਾ ਸਮਾਂ ਹੈ।

ਇਸ ਕਮੇਟੀ ਨੇ ਕਿਹਾ ਹੈ ਕਿ ਨਜ਼ਦੀਕੀ ਰਿਸ਼ਤੇਦਾਰ ਦੀ ਸ਼ਰਤ ਨਾਲ ਸਰੋਗੇਟ ਮਾਂ ਦੀ ਉਪਲਬਧਤਾ ਦੀ ਸੰਭਾਵਨਾ ਸੀਮਿਤ ਹੋ ਜਾਂਦੀ ਹੈ, ਇਸ਼ ਨਾਲ ਬੱਚੇ ਦੀ ਇੱਛਾ ਰੱਖਣ ਵਾਲੇ ਅਸਲ 'ਚ ਜ਼ਰੂਰਤਮੰਦ ਲੋਕਾਂ ਦੇ ਹਿੱਤ ਪ੍ਰਭਾਵਤ ਹੁੰਦੇ ਹਨ। ਕਮੇਟੀ ਨੇ 35 ਤੋਂ 45 ਸਾਲ ਦੀ ਵਿਧਵਾ ਜਾਂ ਤਲਾਕ ਸ਼ੁਦਾ ਵਰਗੀ ਸਿੰਗਲ ਭਾਰਤੀ ਔਰਤ ਨੂੰ ਵੀ ਸਰੋਗੇਸੀ ਦਾ ਲਾਭ ਉਠਾਉਣ ਦੀ ਇਜਾਜ਼ਤ ਦੇਣ ਦੀ ਵਕਾਲਤ ਕੀਤੀ ਹੈ। ਕਮੇਟੀ ਦੇ ਚੇਅਰਮੈਨ ਭੁਪਿੰਦਰ ਯਾਦਵ ਵੱਲੋਂ ਕੱਲ੍ਹ ਰਾਜ ਸਭਾ 'ਚ ਪੇਸ਼ ਕੀਤੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੋਈ ਵੀ ਚਾਹਵਾਨ ਮਹਿਲਾ ਸਰੋ-ਗੇਟ ਮਾਂ ਬਣ ਸਕਦੀ ਹੈ ਤੇ ਇਸ ਕਾਨੂੰਨ ਦੇ ਮੁਤਾਬਕ ਉਸ ਨੂੰ ਸਰੋਸੀ ਦੀ ਪ੍ਰਕਿਰਿਆ 'ਚੋਂ ਲੰਘਣ ਦੀ ਖੁੱਲ੍ਹ ਹੋਵੇਗੀ। ਸਰੋਗੇਟ ਮਾਂ ਲਈ ਬੀਮਾ ਕਵਰ ਨੂੰ ਤਜਵੀਜ਼ ਸ਼ੁਦਾ 16 ਮਹੀਨੇ ਤੋਂ ਵਧਾ ਕੇ 36 ਮਹੀਨੇ ਤੱਕ ਕਰਨ ਦਾ ਵੀ ਸੁਝਾਅ ਦਿੱਤਾ ਗਿਆ ਹੈ।

ਸਰੋਗੇਸੀ ਪ੍ਰਕਿਰਿਆ ਅਪਣਾਉਣ ਲਈ ਪਾਤਰਤਾ ਦੇ ਸੰਬੰਧ ਵਿੱਚ ਕਮੇਟੀ ਨੇ ਕੁਝ ਸੁਧਾਰ ਦੇ ਸੁਝਾਅ ਦਿੱਤੇ ਹਨ। ਇਸ ਵਿੱਚ ਗਰਭ ਧਾਰਨ 'ਚ ਅਸਮਰੱਥਾ ਲਈ ਜ਼ਰੂਰੀ ਪੰਜ ਸਾਲ ਦੀ ਮਿਆਦ ਦੇ ਮਦ ਨੂੰ ਹਟਾਉਣਾ ਸ਼ਾਮਲ ਹੈ। ਕਮੇਟੀ ਨੇ ਕਿਹਾ ਕਿ ਗਰਭ ਧਾਰਨ 'ਚ ਅਸਮਰੱਥਾ ਦੇ ਕਈ ਮੈਡੀਕਲ ਕਾਰਨ ਹੋ ਸਕਦੇ ਹਨ, ਮੈਡੀਕਲ ਜਾਂਚ 'ਚ ਜਿਸ ਦਾ ਪਤਾ ਤੁਰੰਤ ਲੱਗ ਸਕਦਾ ਹੈ, ਇਸ ਲਈ ਪੰਜ ਸਾਲ ਤੱਕ ਉਡੀਕ ਕਰਨ ਦੀ ਕੋਈ ਲੋੜ ਨਹੀਂ ਹੈ। ਕਮੇਟੀ ਨੇ ਕਿਹਾ ਹੈ ਕਿ ਅਜਿਹੀਆਂ ਸਥਿਤੀਆਂ ਹਨ ਜਿਨ੍ਹਾਂ ਤਹਿਤ ਕਿਸੇ ਸਿੰਗਲ ਵਿਅਕਤੀ ਨੂੰ ਬੱਚੇ ਪੈਦਾ ਕਰਨ ਲਈ ਸਰੋਗੇਸੀ ਬਦਲ ਦਾ ਲਾਭ ਉਠਾਉਣ ਦੀ ਲੋੜ ਹੁੰਦੀ ਹੈ।






# ਲੰਡਨ ਹਮਲਾਵਰ ਨੂੰ ਇੱਕ ਪੰਜਾਬੀ ਨੇ ਰੋਕਣ ਦੀ ਕੀਤੀ ਸੀ ਕੋਸ਼ਿਸ਼



ਲੰਡਨ, 6 ਫਰਵਰੀ (ਪੋਸਟ ਬਿਊਰੋ)- ਲੰਡਨ ਦੇ ਸਟਰੀਥਅਮ ਇਲਾਕੇ ਵਿੱਚ ਅੱਤਵਾਦੀ ਹਮਲਾ ਕਰਨ ਵਾਲੇ ਸੁਦੇਸ਼ ਅਮਾਨ ਨੂੰ ਇੱਕ ਪੰਜਾਬੀ ਮੂਲ ਦੇ ਵਿਅਕਤੀ ਜਗਮੋਹਨ ਸਿੰਘ ਨੇ ਰੋਕਣ ਦੀ ਕੋਸ਼ਿਸ਼ ਕੀਤੀ ਸੀ।

ਸਟਰੀਥਅਮ ਹਾਈ ਰੋਡ ਦੇ ਲੋਅ ਪ੍ਰਾਈਸ ਸਟੋਰ ਦੇ ਮਾਲਕ 38 ਸਾਲਾ ਕਿਰਨਜੀਤ ਸਿੰਘ ਨੇ ਦੱਸਿਆ ਕਿ ਮੇਰੇ ਭਰਾ ਨੇ ਸੁਦੇਸ਼ ਨੂੰ ਪਛਾਣ ਲਿਆ ਸੀ ਕਿਉਂਕਿ ਉਹ ਇੱਕ ਹਫ਼ਤਾ ਪਹਿਲਾਂ ਵੀ ਸਟੋਰ ਵਿੱਚ ਆਇਆ ਸੀ ਅਤੇ ਕੁਝ ਵੀ ਨਹੀਂ ਸੀ ਖ਼ਰੀਦਿਆ। ਉਸ ਦੇ ਅਨੁਸਾਰ 10 ਇੰਚ ਲੰਬਾ ਰਸੋਈ ਵਿੱਚ ਵਰਤਿਆ ਜਾਣ ਵਾਲਾ ਚਾਕੂ ਸੁਦੇਸ਼ ਨੇ ਚੁੱਕ ਕੇ ਆਸੇ ਪਾਸੇ ਵੇਖਿਆ ਤੇ ਭੱਜ ਗਿਆ। ਜਗਮੋਹਨ ਨੇ ਅੱਤਵਾਦੀ ਦਾ ਮੁਕਾ-ਬਲਾ ਇਹ ਸੋਚ ਕੇ ਕੀਤਾ ਕਿ ਉਹ ਇੱਕ ਸਾਮਾਨ ਚੁੱਕਣ ਵਾਲਾ ਚੋਰ ਹੈ। ਕਿਰਨਜੀਤ ਨੇ ਕਿਹਾ ਕਿ ਜਦੋਂ ਅੱਤਵਾਦੀ ਸੁਦੇਸ਼ ਬਾਹਰ ਦੌੜਿਆ ਤਾਂ ਉਸ ਨੇ ਚਾਕੂ ਨਾਲ ਇੱਕ ਔਰਤ ਦੀ ਪਿੱਠ ਉੱਤੇ ਹਮਲਾ ਕਰ ਦਿੱਤਾ। ਇੱਕ ਨਰਸ ਨੇ ਮੌਕੇ ਦੇ ਹਾਲਾਤ ਬਿਆਨ ਕਰਦਿਆਂ ਕਿਹਾ ਕਿ ਦੁਕਾਨਦਾਰ ਨੇ ਚਾਕੂ ਖੋਹਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਹ ਭੱਜ ਗਿਆ ਅਤੇ ਇੱਕ ਔਰਤ ਨੂੰ ਜ਼ਖਮੀ ਕਰ ਦਿੱਤਾ। ਜ਼ਖ਼ਮੀਆਂ 'ਚੋਂ ਇੱਕ ਦੀ ਹਾਲਤ ਗੰਭੀਰ ਪਰ ਖ਼ਤਰੇ ਤੋਂ ਬਾਹਰ ਹੈ। ਬਾਕੀ ਦੋ ਜ਼ਖ਼ਮੀਆਂ ਨੂੰ ਹਸਪਤਾਲ 'ਚੋਂ ਛੁੱਟੀ ਮਿਲ ਚੁੱਕੀ ਹੈ। ਪੁਲਸ ਨੇ ਇਸ ਮਾਮਲੇ 'ਚ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ ਹੈ। ਯੂ ਕੇ ਦੀ ਗ੍ਰਹਿ ਮੰਤਰੀ ਨੇ ਅੱਤਵਾਦ ਦੇ ਮਾਮਲਿਆਂ 'ਚ ਗ੍ਰਿਫ਼ਤਾਰ ਲੋਕਾਂ ਦੀ ਜਲਦੀ ਰਿਹਾਈ ਬਾਰੇ ਕਿਹਾ ਹੈ ਕਿ ਅੱਤਵਾਦੀ ਅੱਧੀ ਸਜ਼ਾ ਭੁਗਤ ਕੇ ਆਪਣੇ ਆਪ ਛੁੱਟ ਜਾਂਦੇ ਹਨ। ਅਸੀਂ ਇਸ ਬਾਰੇ ਛੇ ਮਹੀਨਿਆਂ ਤੋਂ ਕੰਮ ਕਰ ਰਹੇ ਹਾਂ। ਅੱਤਵਾਦੀਆਂ ਨਾਲ ਨਜਿੱਠਣ ਲਈ ਨਵਾਂ ਕਾਨੂੰਨ ਲਿਆ ਰਹੇ ਹਾਂ। ਕਾਨੂੰਨੀ ਚੋਰ ਮੋਰੀਆਂ ਨੂੰ ਖ਼ਤਮ ਕਰਨ ਲਈ ਅਗਲੇ 100 ਦਿਨਾਂ 'ਚ ਨਵਾਂ ਕਾਨੂੰਨ ਲਿਆਂਦਾ ਜਾ ਰਿਹਾ ਹੈ।

# ਟੋਕੀਓ ਓਲੰਪਿਕ ਦੇ ਸੀ ਈ ਓ ਕੋਰੋਨਾ ਵਾਇਰਸ ਤੋਂ ਚਿੰਤਤ



